ਨਗਰ ਨਿਗਮ ਜਲੰਧਰ

ਨਗਰ ਨਿਗਮ ਹਾਊਸ ਦੀ ਮੀਟਿੰਗ
ਮਿਤੀ **27-7-2021**
ਦੀ ਕਾਰਵਾਈ
(ਮਤਾ ਨੰ: **32-88**)

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 27.7.2021 ਨੂੰ ਹੋਈ ਦੀ ਕਾਰਵਾਈ ।

ਮਿਤੀ 27.7.2021 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

ਲੜੀ ਨੰ:	ਵਾਰਡ ਨੰ:	ਨਾਮ
1.	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2.	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3.	2	ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ
4.	3	ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ
5.	4	ਸ਼੍ਰੀ ਪਰਮਜੀਤ ਸਿੰਘ, ਕੌਂਸਲਰ
6.	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
7.	8	ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ
8.	9	ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ
9.	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
10.	11	ਸ਼੍ਰੀਮਤੀ ਪ੍ਰਵੀਨਾ, ਕੌਂਸਲਰ
11.	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
12.	13	ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ
13.	15	ਸ਼੍ਰੀਮਤੀ ਡੋਲੀ, ਕੌਂਸਲਰ
14.	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
15.	17	ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ
16.	18	ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ
17.	19	ਸ਼੍ਰੀਮਤੀ ਉਮਾ ਬੇਰੀ, ਕੌਂਸਲਰ
18.	20	ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ
19.	21	ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ
20.	22	ਸ਼੍ਰੀ ਪ੍ਰੱਭਦਿਆਲ, ਕੌਂਸਲਰ
21.	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
22.	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
23.	25	ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ
24.	27	ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ
25.	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
26.	30	ਸ਼੍ਰੀ ਪਵਨ ਕੁਮਾਰ, ਕੌਂਸਲਰ
27.	32	ਸ਼੍ਰੀ ਸੁੱਚਾ ਸਿੰਘ, ਕੌਂਸਲਰ
28.	33	ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ
29.	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
30.	36	ਸ਼੍ਰੀ ਬਚਨ ਲਾਲ, ਕੌਂਸਲਰ
31.	38	ਸ਼੍ਰੀ ਓਮਕਾਰ ਰਜੀਵ, ਕੌਂਸਲਰ
32.	40	ਸ਼੍ਰੀ ਵਰੇਸ਼ ਕੁਮਾਰ, ਕੌਂਸਲਰ
33.	41	ਸ਼੍ਰੀਮਤੀ ਅਨੀਤਾ, ਕੌਂਸਲਰ
34.	43	ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ
35.	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
36.	46	ਸ਼੍ਰੀਮਤੀ ਅਨੀਤਾ, ਕੌਂਸਲਰ
37.	47	ਸ਼੍ਰੀਮਤੀ ਬਲਵਿੰਦਰ ਕੌਰ, ਕੌਂਸਲਰ
38.	49	ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ
39.	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
40.	52	ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ
41.	53	ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ
42.	54	ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ
43.	55	ਸ਼੍ਰੀਮਤੀ ਵੰਦਨਾ, ਕੌਂਸਲਰ

44.	56	ਸ਼੍ਰੀ ਪੱਲੀ ਅੱਪਨ, ਕੌਂਸਲਰ
45.	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
46.	59	ਸ਼੍ਰੀਮਤੀ ਰੀਨਾ, ਕੌਂਸਲਰ
47.	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
48.	62	ਸ੍ਰੀ ਦੀਪਕ ਸ਼ਾਰਦਾ, ਕੌਂਸਲਰ
49.	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
50.	65	ਸ਼੍ਰੀਮਤੀ ਅੰਜਲੀ , ਕੌਂਸਲਰ
51.	67	ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰ
52.	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ
53.	69	ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ
54.	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ
55.	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
56.	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
57.	80	ਸ੍ਰੀ ਦੇਸ ਰਾਜ ਜੱਸਲ, ਕੌਂਸਲਰ

ਕੁਲ ਹਾਜ਼ਰ ਮੈਂਬਰ: 57

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.7.2021

ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸੁਰੂ ਕਰਨ ਤੋਂ ਪਹਿਲਾ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਅਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚੋਂ:-

1. ਸ੍ਰੀ ਸ਼ਿਵ ਕੁਮਾਰ ਚੁੱਘ, ਸਾਬਕਾ ਕੌਂਸਲਰ
2. ਸ੍ਰੀ ਸਰਦੁਲ ਸਿੰਘ ਕਾਹਲੋ, ਸਾਬਕਾ ਕੌਂਸਲਰ
3. ਸ੍ਰੀ ਸੱਤਪਾਲ, ਸਾਬਕਾ ਕੌਂਸਲਰ
4. ਸ੍ਰੀ ਪਲੀ ਅਪਨ, ਕੌਂਸਲਰ ਜੀ ਦੀ ਮਾਤਾ ਸ਼ੀਮਤੀ ਮੁਤਮਾ
5. ਸ੍ਰੀ ਪਵਨ ਕੁਮਾਰ, ਕੌਂਸਲਰ ਜੀ ਦੇ ਪਿਤਾ ਸ੍ਰੀ ਸੋਹਣ ਲਾਲ
6. ਸ੍ਰੀ ਸੁਖਮੀਤ ਸਿੰਘ ਡਿਪਟੀ, ਸਾਬਕਾ ਕੌਂਸਲਰ
7. ਸ੍ਰੀਮਤੀ ਅੰਜਲੀ ਭਗਤ, ਕੌਂਸਲਰ ਜੀ ਦੇ ਜੇਠ ਸ੍ਰੀ ਰਵਿੰਦਰ ਕੁਮਾਰ

ਇਹਨਾਂ ਤੋਂ ਇਲਾਵਾ ਨਗਰ ਨਿਗਮ ਦੇ ਕਰਮਚਾਰੀ ਸ੍ਰੀ ਗੁਰਾਂਦਾਸ, ਕਾਰਜਕਾਰੀ ਇੰਜੀਨੀਅਰ, ਸ੍ਰੀ ਰਣਬੀਰ ਸਿੰਘ, ਇੰਸਪੈਕਟਰ, ਸ੍ਰੀ ਰਾਮ ਲਾਲ, ਕਲਰੱਕ, ਸ੍ਰੀ ਵਰਿੰਦਰਜੀਤ ਸਿੰਘ, ਟੈਕਨੀਸ਼ੀਅਨ, ਸ੍ਰੀ ਕੁਲਦੀਪ ਸਫਾਈ ਸੇਵਕ ਅਤੇ ਸ੍ਰੀ ਨੀਤਨ ਕੁਮਾਰ ਉਰਫ ਕਾਲਾ (ਪ੍ਰਾਈਵੇਟ ਡਿਚ ਅਪਰੇਟਰ) ਜਿਹਨਾਂ ਦੀ ਕਰੋਨਾਂ ਦੀ ਭਿਆਨਕ ਬੀਮਾਰੀ ਨਾਲ ਮੌਤ ਹੋਈ ਸੀ।

ਮੈਂ ਸਮੂਹ ਹਾਊਸ ਨੂੰ ਬੇਨਤੀ ਕਰਦਾ ਹਾਂ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ। ਸ੍ਰੀ ਸੁਸੀਲ ਕੁਮਾਰ, ਕੌਂਸਲ ਵਲੋਂ ਦੱਸਿਆ ਗਿਆ ਕਿ ਹੈਪੀ ਸੰਧੂ, ਸਚਿਨ ਜੈਨ, ਅਤੇ ਟਿੰਕੂ ਦੀ ਮੌਤ ਲਾਅ ਐਂਡ ਆਰਡਰ ਦੇ ਵਿਗੜੇ ਹਾਲਾਤਾਂ ਕਾਰਨ ਹੋਈ ਸੀ।ਹਾਊਸ ਇਹਨਾਂ ਪ੍ਰਤੀ ਵੀ ਸ਼ੋਕ ਪ੍ਰਗਟ ਕਰਦਾ ਹੈ ।

ਉਹਨਾਂ ਪ੍ਰਤੀ ਖੜੇ ਹੋ ਕੇ ਦੋਂ ਮਿੰਟ ਦਾ ਮੋਨ ਧਾਰਨ ਕੀਤਾ ਗਿਆ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮੀਟਿੰਗ ਸੁਰੂ ਹੋਣ ਤੇ ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੱਸਿਆ ਜਾਵੇ ਕਿ ਸਾਰੇ ਕੌਂਸਲਰਾਂ ਨੇ ਮਤਾ ਨੰ: 31 ਮਿਤੀ 19.2.2021 ਪਾਸ ਕੀਤਾ ਸੀ ਕੀ ਉਹ ਮਤਾ ਗਲਤ ਪਾਸ ਕੀਤਾ ਗਿਆ ਸੀ ਕਿਉਂਕਿ ਉਸ ਮਤੇ ਅਨੁਸਾਰ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਅਫ਼ਸਰਸ਼ਾਹੀ ਤੁਹਾਡੇ ਤੇ ਹਾਵੀ ਹੈ ਤੁਸੀਂ ਉਹ ਮਤਾ ਪਾਸ ਕਰਕੇ ਜਿਸ ਵਿੱਚ ਤੁਸੀਂ ਸਾਰੇ ਕੌਂਸਲਰਾਂ ਅਤੇ ਵਿਰੋਧੀ ਧਿਰ

ਦੇ ਕੌਂਸਲਰਾਂ ਨੂੰ ਨਾਲ ਲੈ ਕੇ ਇਹ ਮਤਾ ਪਾਸ ਕੀਤਾ ਸੀ । ਕੀ ਇਹ ਮਤਾ ਗਲਤ ਪਾਸ ਕੀਤਾ ਗਿਆ ਸੀ । ਤੁਹਾਨੂੰ ਇਸ ਗੱਲ ਲਈ ਮੁਆਫੀ ਮੰਗਣੀ ਚਾਹੀਦੀ ਹੈ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਸੀ ਕਿ ਇੱਕੋ ਮਤੇ ਤੇ ਇਹ ਮੀਟਿੰਗ ਕੀਤੀ ਗਈ ਸੀ ਜਿਸ ਵਿੱਚ ਵਿਗਿਆਪਣ ਸ਼ਾਖਾ ਦੇ ਭ੍ਰਿਸਟਾਚਾਰ ਸਬੰਧੀ ਤੱਥ ਉਜਾਗਰ ਕੀਤੇ ਗਏ ਸਨ । ਇਹ ਮੁੱਦਾ ਮੈਂ ਹੀ ਚੁੱਕਿਆ ਸੀ ਜਿਸ ਨੂੰ ਹਾਊਸ ਨੇ ਪਾਸ ਕੀਤਾ ਸੀ । ਪਰ ਇਸ ਮਤੇ ਤੇ ਕੋਈ ਕਾਰਵਾਈ ਨਾ ਕਰਨਾ ਕਾਂਗਰਸ ਪਾਰਟੀ ਦੀ ਬਦਨਾਮੀ ਹੈ । ਮੇਰੇ ਖ਼ਿਲਾਫ ਮਾਨਹਾਨੀ ਦਾ ਕੇਸ ਵੀ ਕੀਤਾ ਗਿਆ ਹੈ । ਤੁਸੀਂ ਚਾਰ ਸਾਲ ਹੋ ਗਏ, ਪਰ ਅਫਸਰਾਂ ਖ਼ਿਲਾਫ ਕੁਝ ਨਹੀਂ ਕੀਤਾ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਮਤਾ ਨੰ: 31 ਮਿਤੀ 19.2.2021 ਸਬੰਧੀ ਸਰਕਾਰ ਵਲੋਂ ਕੁਝ ਕੁਐਰੀਜ਼ ਲੱਗ ਕੇ ਆਈਆਂ ਸਨ ਜਿਹਨਾਂ ਦਾ ਜਵਾਬ ਸਰਕਾਰ ਨੂੰ ਭੇਜ਼ ਦਿੱਤਾ ਗਿਆ ਹੈ ਅਤੇ ਸਰਕਾਰ ਵਲੋਂ ਜੋ ਵੀ ਦਿਸ਼ਾ-ਨਿਰਦੇਸ਼ ਪ੍ਰਾਪਤ ਹੋਣਗੇ ਉਸ ਅਨੁਸਾਰ ਅਗਲੀ ਕਾਰਵਾਈ ਅਰੰਭੀ ਜਾਵੇਗੀ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਨੇ ਕਿਹਾ ਕਿ ਮੈਂ ਸਹਿਮਤ ਹਾਂ । ਜੇ ਅਸੀਂ ਸਵਾਲ ਜਵਾਬ ਹੀ ਨਹੀਂ ਕਰ ਸਕਦੇ ਤਾਂ ਅਜਿਹੀਆਂ ਮੀਟਿੰਗਾਂ ਦਾ ਕੋਈ ਫਾਇਦਾ ਨਹੀਂ ਹੈ । ਕੌਂਸਲਰਾਂ ਦੀ ਗੱਲ ਸੁਣੀ ਜਾਵੇ । ਕੌਂਸਲਰਾਂ ਦੀ ਗੱਲ ਸੁਣੀ ਨਹੀਂ ਜਾਂਦੀ । ਤੁਸੀਂ ਕਲੀਅਰ ਕਰੋ ਕਿ ਕੀ ਤੁਹਾਡੇ ਤੇ ਕੋਈ ਪ੍ਰੈਸ਼ਰ ਹੈ । ਸਾਡੀ ਸੁਣਵਾਈ ਨਹੀਂ ਹੋ ਰਹੀ । ਚਾਰ ਸਾਲ ਹੋ ਗਏ । ਜੇ ਤੁਹਾਡੀ ਪੇਸ਼ ਨਹੀਂ ਚਲਦੀ ਤਾਂ ਸਾਨੂੰ ਗੱਲ ਕਰਨੀ ਚਾਹੀਦੀ ਹੈ। ਸਾਡੇ ਤੇ ਅਫਸਰ ਹੈਵੀ ਹਨ । ਸਮਾਰਟ ਸਿਟੀ ਦੇ ਕੰਮਾਂ ਵਿੱਚ ਕੌਂਸਲਰਾਂ ਦੀ ਕੋਈ ਇਨਵਾਲਵਮੈਂਟ ਨਹੀਂ ਹੈ । ਸ਼ਹਿਰ ਦਾ ਬੇੜਾ ਗਰਕ ਕਰ ਦਿੱਤਾ ਹੈ । ਅਸੀਂ ਅਸਤੀਫਾ ਦੇਣ ਨੂੰ ਤਿਆਰ ਹਾਂ । ਨਾ ਐਮ.ਐਲ.ਏ. ਦੀ ਤੇ ਨਾ ਹੀ ਕੌਂਸਲਰ ਦੀ ਸੁਣਵਾਈ ਕੀਤੀ ਜਾਂਦੀ ਹੈ ।

ਸ੍ਰੀ ਵਰੇਸ਼ ਕੁਮਾਰ ਮਿੰਟੂ, ਕੌਂਸਲਰ ਨੂੰ ਕਿਹਾ ਕਿ ਤੁਹਾਡੇ ਕੌਂਸਲਰਾਂ ਨੇ ਹੀ ਮੰਨਿਆ ਹੈ ਕਿ ਭ੍ਰਿਸ਼ਟਾਚਾਰ ਹੋ ਰਿਹਾ ਹੈ। ਤੁਹਾਨੂੰ ਅਸਤੀਫਾ ਦੇਣਾ ਚਾਹੀਦਾ ਹੈ । ਇਹ ਸਰਕਾਰ ਠੇਕੇਦਾਰਾਂ ਅਤੇ ਅਫਸ਼ਰਾਂ ਦੀ ਸਰਕਾਰ ਹੈ । ਉਹਨਾਂ ਅਤੇ ਉਹਨਾਂ ਦੇ ਸਾਥੀਆਂ ਨੇ ਇੱਕ ਬੈਨਰ ਸਦਨ ਵਿੱਚ ਲਹਿਰਾਇਆ ਅਤੇ ਮੇਅਰ ਜੀ ਦੇ ਆਸਨ ਦੇ ਸਾਹਮਣੇ ਆ ਕੇ ਬੈਠ ਗਏ ਅਤੇ ਉਚੀ ਉਚੀ ਰੋਲਾ ਰੱਪਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਭ੍ਰਿਸਟਾਚਾਰ ਬੰਦ ਕਰੋ । ਅਫਸ਼ਰਾਂ ਤੋਂ ਡਰਨਾ ਬੰਦ ਕਰੋ । ਸਾਰੇ ਕੌਂਸਲਰ ਅਸਤੀਫਾ ਦੇਵੋ । ਮੇਅਰ ਸਾਹਿਬ ਅਸਤੀਫਾ ਦੇਣ ।

ਇਸੇ ਦੋਰਾਨ ਸੱਤਾ ਧਿਰ ਦੇ ਸਮੂਹ ਕੌਂਸਲਰ ਵੀ ਆਪਣੀਆਂ ਸੀਟਾਂ ਤੇ ਖੜੇ ਹੋ ਗਏ ਅਤੇ ਕੇਂਦਰ ਸਰਕਾਰ ਦੇ ਖ਼ਿਲਾਫ ਨਾਅਰੇਬਾਜ਼ੀ ਕਰਨ ਲੱਗ ਪਏ ਕਿ ਕੇਂਦਰ ਸਰਕਾਰ ਨੇ ਮੰਹਿਗਾਈ ਕਈ ਗੁਣਾਂ ਵਧਾ ਦਿੱਤੀ ਹੈ। ਸਰੋਂ ਦਾ ਤੇਲ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਕਰਕੇ ਆਮ ਲੋਕਾਂ ਦਾ ਜੀਨਾ ਦੁਰਭਰ ਕਰ ਦਿੱਤਾ ਹੈ । ਇਸ ਤਰ੍ਹਾਂ ਦੋਵੇਂ ਧਿਰਾਂ ਮੇਅਰ ਜੀ ਦੇ ਆਸਨ ਦੇ ਸਾਹਮਣੇ ਆ ਕੇ ਰੋਲਾ ਰੱਪਾ ਪਾਉਣ ਲੱਗ ਗਈਆਂ ਅਤੇ ਕਾਫੀ ਦੇਰ ਤੱਕ ਇਹ ਰੋਲਾ ਰੱਪਾ ਪੈਂਦਾ ਰਿਹਾ ।

ਸ੍ਰੀਮਤੀ ਅਰੁਣਾ ਅਰੋੜਾ, ਕੌਂਸਲਰ ਨੇ ਵਿੱਚ ਬੋਲਦਿਆਂ ਕਿਹਾ ਕਿ ਅਸੀਂ ਸਾਰੇ ਸ਼ਹਿਰ ਦੇ ਵਿਕਾਸ ਦੀ ਗੱਲ ਕਰੀਏ ਅਤੇ ਇੰਝ ਹਾਊਸ ਦਾ ਟਾਈਮ ਨਾ ਬਰਬਾਦ ਕਰੀਏ ਪਰ ਕਿਸੇ ਵੀ ਧਿਰ ਨੇ ਉਹਨਾਂ ਦੀ ਗੱਲ ਨਹੀਂ ਸੁਣੀ ਅਤੇ ਰੋਲਾ ਰੱਪਾ ਪਾਉਂਦੇ ਰਹੇ ।

ਮੇਅਰ ਜੀ ਨੇ ਅਜੰਡਾ ਪੜਣ ਦੇ ਆਦੇਸ਼ ਦਿੱਤੇ ਅਤੇ ਅਜੰਡਾ ਪੜਿਆ ਗਿਆ । ਇਸ ਤੇ ਬੀ.ਜੇ.ਪੀ. ਪਾਰਟੀ ਦੇ ਕੌਂਸਲਰ ਸਦਨ ਵਿੱਚੋਂ ਵਾਕ ਆਊਟ ਕਰਕੇ ਬਾਹਰ ਚਲੇ ਗਏ ।

ਅਜੰਡਾ ਪੜ੍ਹਣ ਤੋਂ ਬਾਅਦ ਕੁਝ ਕੌਂਸਲਰਾਂ ਨੇ ਆਪਣੀਆਂ ਆਪਣੀਆਂ ਗੱਲਾ ਸਦਨ ਵਿੱਚ ਰੱਖੀਆਂ ਜਿਨਾਂ ਦੇ ਵੇਰਵਾ ਹੇਠ ਅਨੁਸਾਰ ਹੈ:

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਦੇ ਕੰਮਾਂ ਵਿੱਚ ਕੌਂਸਲਰਾਂ ਦੀ ਕੋਈ ਇਨਵਾਲਵਮੈਂਟ ਨਹੀਂ ਹੈ । ਕਿਸੇ ਵੀ ਪਰੋਪੋਜ਼ਲ ਵਿੱਚ ਸਾਨੂੰ ਸ਼ਾਮਿਲ ਨਹੀਂ ਕੀਤਾ ਜਾਂਦਾ । ਸਮਾਰਟ ਸਿਟੀ ਦੇ ਐਸਟੀਮੇਟ ਨਗਰ ਨਿਗਮ ਹਾਊਸ ਵਿੱਚ ਕਿਉ ਪੇਸ਼ ਨਹੀਂ ਕੀਤੇ ਜਾਂਦੇ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਸਬੰਧੀ ਐਸ.ਪੀ.ਵੀ. ਬਣੀ ਹੋਈ ਹੈ। ਨਗਰ ਨਿਗਮ ਦੇ ਮੇਅਰ ਉਸ ਵਿੱਚ ਮੈਂਬਰ ਹਨ ਅਤੇ ਕਾਰਪੋਰੇਸ਼ਨ ਦੇ ਸਟਾਫ ਨੂੰ ਵੀ ਉਸ ਵਿੱਚ ਇਨਵਾਲਵ ਕਰੋ ।ਕੌਂਸਲਰ ਲੋਕਾਂ ਪ੍ਰਤੀ ਜਵਾਬਦੇਹ ਹਨ । ਉਹਨਾਂ ਦੀ ਇਨਵਾਲਵਮੈਂਟ ਲਈ ਪਰੋਵੀਜ਼ਨ ਕੀਤੀ ਜਾਵੇ । ਉਹਨਾਂ ਇਹ ਵੀ ਕਿਹਾ ਕਿ ਕੋਵਿਡ ਕਰਕੇ ਪਿਛਲੇ ਦੋ ਸਾਲਾਂ ਦੇ ਨਗਰ ਨਿਗਮ ਦੇ ਬਜਟ ਸਬੰਧੀ ਮੀਟਿੰਗ ਨਹੀਂ ਹੋਈ ਜਿਸ ਕਰਕੇ ਕੌਂਸਲਰਾਂ ਨੂੰ ਬਜਟ ਸਬੰਧੀ ਜਾਣਕਾਰੀ ਨਹੀਂ ਹੈ । ਇਹ ਦੋਵੇਂ ਬਜਟ ਕੌਂਸਲਰਾਂ ਨੂੰ ਭੇਜੇ ਜਾਣ ਤਾਂ ਜ਼ੋ ਉਹਨਾਂ ਦੀ ਸਟਡੀ ਕੀਤੀ ਜਾ ਸਕੇ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਵਿਰਸਾ ਵਿਹਾਰ ਦੇ ਅੰਦਰ ਟਾਈਲਾਂ ਦਾ ਕੰਮ ਸਮਾਰਟ ਸਿਟੀ ਤਹਿਤ ਕਰਵਾਇਆ ਗਿਆ ਹੈ ਪਰ ਉਹਨਾਂ ਵਲੋਂ ਮਹਾਤਮਾ ਹੰਸ ਰਾਜ ਸਟੇਡੀਅਮ ਦਾ ਕੰਮ ਕਰਵਾਉਣ ਲਈ ਕਿਹਾ ਗਿਆ ਸੀ ਜਿਹੜਾ ਕਿ ਨਹੀਂ ਹੋਇਆ। ਇਹ ਦੋਵੇਂ ਮੇਰੇ ਵਾਰਡ ਵਿੱਚ ਪੈਂਦੇ ਹਨ । ਸਾਨੂੰ ਦੱਸਿਆ ਜਾਵੇ ਕਿ ਅਸੀਂ ਸ਼ਹਿਰ ਵਿੱਚ ਸਮਾਰਟ ਸਿਟੀ ਤਹਿਤ ਕਿਹੜੇ-ਕਿਹੜੇ ਕੰਮ ਕਰਵਾ ਸਕਦੇ ਹਾਂ ।ਉਹਨਾਂ ਕਮਿਸ਼ਨਰ ਜੀ ਨੂੰ ਕਿਹਾ ਕਿ ਤੁਹਾਡੇ ਪਾਸ ਮੇਨ ਚਾਰਜ ਬਤੌਰ ਕਮਿਸ਼ਨਰ ਨਗਰ ਨਿਗਮ ਦਾ ਹੈ ਅਤੇ ਅਡੀਸ਼ਨਲ ਚਾਰਜ ਪੁੱਡਾ ਅਤੇ ਜੇ.ਡੀ.ਏ. ਦਾ ਹੈ । ਤੁਸੀਂ ਵੱਧ ਤੋਂ ਵੱਧ ਸਮਾਂ ਨਗਰ ਨਿਗਮ ਨੂੰ ਦੇਵੋ ।

ਕਮਿਸ਼ਨਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਕਰੋਨਾ ਕਾਰਣ ਪਹਿਲਾਂ ਕੁਝ ਰਸਟ੍ਰਿਕਸ਼ਨਸ ਸਰਕਾਰ ਵਲੋਂ ਲਗਾਈਆਂ ਗਈਆਂ ਸਨ ਅਤੇ ਅਸੀਂ ਸਾਰੇ ਸਟਾਫ ਦੇ ਧੰਨਵਾਦੀ ਹਾਂ ਕਿ ਉਹਨਾਂ ਨੇ ਦਿਨ ਰਾਤ ਕੰਮ ਕੀਤਾ । ਜਦੋਂ ਸਾਰੇ ਲੋਕ ਆਪਣੇ ਆਪਣੇ ਘਰ ਬੈਠੇ ਸਨ ਤਾਂ ਸਾਡੇ ਸਟਾਫ ਨੇ ਆਪਣੇ ਕੰਮ ਵਿੱਚ ਕੋਈ ਕਮੀਂ ਨਹੀਂ ਰੱਖੀ । ਮੈਂ ਧੰਨਵਾਦੀ ਹਾਂ ਸਾਰਿਆਂ ਦਾ ਅਤੇ ਪੰਜਾਬ ਸਰਕਾਰ ਵਲੋਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ । ਮੈਂ ਸਮੂਹ ਸਟਾਫ ਨੂੰ ਹਦਾਇਤਾਂ ਕੀਤੀਆਂ ਹਨ ਕਿ

ਜੇਕਰ ਕੋਈ ਐਮਰਜੈਂਸੀ ਹੋਵੇ ਤਾਂ ਉਸ ਨੂੰ ਛੱਡ ਕੇ ਦਫ਼ਤਰ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਅਤੇ ਦਫ਼ਤਰੀ ਕੰਮ ਵਾਲੇ ਦਿਨ ਪਹਿਲੇ ਅੱਧੇ ਦਿਨ ਦਫ਼ਤਰ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੌਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਤਹਿਤ ਬਹੁਤ ਘਟੀਆ ਕੰਮ ਹੋ ਰਿਹਾ ਹੈ । ਵਰਕਸ਼ਾਪ ਚੌਂਕ ਵਿਖੇ ਜਿਹੜੀਆਂ ਟਾਈਲਾਂ ਲਗਾਈਆਂ ਗਈਆਂ ਸਨ, ਉਹ ਬੈਠ ਗਈਆਂ ਹਨ। ਉਹਨਾਂ ਨੂੰ ਇਸ ਐਸਟੀਮੇਟ ਦੀ ਕਾਪੀ ਦਿੱਤੀ ਜਾਵੇ । ਉਹਨਾਂ ਇਹ ਵੀ ਕਿਹਾ ਕਿ ਇਸ ਥਾਂ ਤੇ ਸਟਰੀਟ ਲਾਈਟਾਂ ਵੀ ਬੰਦ ਪਈਆਂ ਹਨ ।

ਸ੍ਰੀ ਨਿਰਮਲ ਸਿੰਘ, ਕੌਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਦੇ ਕੰਮਾਂ ਵਿੱਚ ਕੌਂਸਲਰਾਂ ਦੀ ਕੋਈ ਇਨਵਾਲਵਮੈਂਟ ਨਹੀਂ ਹੈ ਅਤੇ ਸਿਰਫ ਅਫਸ਼ਰ ਹੀ ਕੰਮ ਕਰਵਾ ਰਹੇ ਹਨ । ਅਸੀਂ ਇਸ ਵਿੱਚ ਇਨਵਾਲਵ ਨਹੀਂ ਹਾਂ ਪਰ ਇਸ ਦੇ ਫੇਲੁਅਰ ਸਾਡਾ ਕਿਉਂ ? ਉਹਨਾਂ ਨੂੰ ਅਖ਼ਬਾਰਾਂ ਰਾਹੀਂ ਪਤਾ ਚਲਿਆ ਹੈ ਕਿ ਲਗਭਗ 950 ਕਰੋੜ ਰੁਪਏ ਦਾ ਬਜਟ ਸਮਾਰਟ ਸਿਟੀ ਦਾ ਪੈਂਡਿੰਗ ਪਿਆ ਹੈ । ਉਹਨਾਂ ਕਿਹਾ ਕਿ ਪਹਿਲਾਂ ਸ਼ਹਿਰ ਦੇ ਵਿਕਾਸ ਲਈ ਸਿਟੀ ਪਲੈਨ ਬਣਦਾ ਸੀ। ਪਰ ਸਮਾਰਟ ਸਿਟੀ ਬਾਰੇ ਕੋਈ ਜਾਣਕਾਰੀ ਕਿਸੇ ਕੌਂਸਲਰ ਨੂੰ ਨਹੀਂ ਹੈ । ਸੀਵਰੇਜ਼ ਟ੍ਰੀਟਮੈਂਟ ਪਲਾਂਟਾਂ ਬਾਰੇ ਕੋਈ ਪਲੈਨਿੰਗ ਨਹੀਂ ਹੈ । ਸ਼ਹਿਰ ਅੰਦਰ ਸਮਾਰਟ ਸੀਵਰੇਜ਼ ਪਾਇਆ ਜਾਵੇ । 2031 ਦਾ ਮਾਸਟਰ ਪਲੈਨ ਤਿਆਰ ਕੀਤਾ ਗਿਆ ਹੈ ਪਰ 2021 ਵਿੱਚ ਹੀ ਸ਼ਹਿਰ ਦਾ ਮਾੜਾ ਹਾਲ ਹੈ। ਭਵਿੱਖ ਨੂੰ ਧਿਆਨ ਵਿੱਚ ਰੱਖਕੇ ਪਲੈਨਿੰਗ ਕਰਨੀ ਚਾਹੀਦੀ ਹੈ। 25-30 ਸਾਲਾਂ ਦੀ ਪਲੈਨਿੰਗ ਕਰਕੇ ਪ੍ਰੋਜੈਕਟ ਤਿਆਰ ਕਰਵਾਏ ਜਾਣ।

ਕਮਿਸ਼ਨਰ ਜੀ ਨੇ ਕਿਹਾ ਕਿ ਸਮਾਰਟ ਸਿਟੀ ਦੇ ਕੰਮਾਂ ਦੀ ਬੁਕਲੈਟ ਸਾਰੇ ਕੌਂਸਲਰਾਂ ਨੂੰ ਦੇ ਦਵਾਂਗੇ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੀਆਂ ਗਾਈਡਲਾਈਨਜ਼ ਅਨੁਸਾਰ ਸਮਾਰਟ ਸਿਟੀ ਦੇ ਕੰਮ ਗੁੜਗਾਓਂ ਬੇਸ ਕੰਪਨੀ ਵਲੋਂ ਡੀ.ਪੀ.ਆਰ. ਬਣਦੀ ਹੈ ਜਿਸ ਨੂੰ ਤਿੰਨ ਚੀਫ ਇੰਜੀਨਿਅਰਜ਼ ਦੀ ਕਮੇਟੀ ਵਲੋਂ ਤਕਨੀਕੀ ਅਤੇ ਵਿੱਤੀ ਪਖੋਂ ਸਟਡੀ ਕੀਤਾ ਜਾਂਦਾ ਹੈ । ਜਿਹੜੀਆਂ ਓਬਜਰਵੇਸ਼ਨਸ ਇਹ ਕਮੇਟੀ ਲਗਾਉਂਦੀ ਹੈ, ਅਸੀਂ ਕਲੀਅਰ ਕਰਦੇ ਹਾਂ । ਉਸ ਤੋਂ ਬਾਅਦ ਇਹ ਡੀ.ਪੀ.ਆਰ. ਸਟੇਟ ਲੈਵਲ ਕਮੇਟੀ ਅਤੇ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਜਿਸਦੇ ਚੇਅਰਮੈਨ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਹਨ, ਵਲੋਂ ਅਪਰੂਵ ਹੁੰਦੀ ਹੈ । ਜਿੰਨੇ ਵੀ ਪ੍ਰੋਜੈਕਟ ਤਿਆਰ ਹੁੰਦੇ ਹਨ, ਉਹ ਸਿਟੀ ਲੈਵਲ ਐਡਵਾਇਜ਼ਰੀ ਜਿਸ ਵਿੱਚ ਮਾਨਯੋਗ ਸਾਂਸਦ, ਐਮ.ਐਲ.ਏਜ਼, ਡਿਪਟੀ ਕਮਿਸ਼ਨਰ, ਨਾਨ ਆਫ਼ਿਸ਼ਅਲ ਮੈਂਬਰ ਅਤੇ ਮੇਅਰ ਜੀ ਮੈਂਬਰ ਹਨ, ਪਾਸ ਹੁੰਦੇ ਹਨ । ਜੇਕਰ ਹਾਊਸ ਦੇ ਧਿਆਨ ਵਿੱਚ ਕੋਈ 10,20 ਜਾਂ 30 ਸਾਲਾਂ ਦਾ ਸੀਵਰੇਜ਼, ਪਾਣੀ ਦਾ ਪ੍ਰੋਜੈਕਟ ਹੈ ਤਾ ਅਸੀਂ ਉਸ ਨੂੰ ਪੈਨ ਸਿਟੀ ਅਤੇ ਏ.ਬੀ.ਡੀ. ਪਲੈਨ ਵਿੱਚ ਸ਼ਾਮਲ ਕਰਕੇ ਸਬਮਿਟ ਕਰ ਸਕਦੇ ਹਾਂ । ਅਸੀਂ ਉਸ ਪ੍ਰੋਜੈਕਟ ਨੂੰ ਸਰਕਾਰ ਪਾਸ ਭੇਜ਼ ਦੇ ਸ਼ਹਿਰ ਅੰਦਰ ਇੰਪਲੀਮੈਂਟ ਕਰਵਾਵਾਂਗੇ ।ਸਮਾਰਟ ਸਿਟੀ ਦਾ ਜਿਹੜਾ ਵੀ ਕੰਮ ਕਿਸੇ ਕੌਂਸਲਰ ਦੇ ਵਾਰਡ ਵਿੱਚ ਸ਼ੁਰੂ ਹੋਵੇਗਾ ਅਸੀਂ ਜੇ.ਈ., ਐਸ.ਡੀ.ਓ. ਨੂੰ ਕਹਿ ਚੁੱਕੇ ਹਾਂ ਕਿ ਪਹਿਲਾਂ ਉਸ ਵਾਰਡ ਦੇ ਕੌਂਸਲਰ ਨੂੰ ਦੱਸਿਆ ਜਾਵੇ ।

ਸ੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ ਨੇ ਕਿਹਾ ਕਿ ਜਿਹੜੇ ਆਰਜੀ ਤੌਰ ਤੇ 160 ਸੀਵਰਮੈਨ ਹਰੇਕ ਵਾਰਡ ਲਈ ਦੋ-ਦੋ ਕਰਮਚਾਰੀ ਰੱਖੇ ਸਨ ਉਹਨਾਂ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ ਅਤੇ ਸਾਰੇ ਕੌਂਸਲਰ ਉਹਨਾਂ ਦੀ ਸ਼ਲਾਘਾ ਕਰਦੇ ਹਨ। ਉਹ ਹੁਣ ਵੀ ਬਿਨਾ ਪੈਸੇ ਲਏ ਕੰਮ ਕਰ ਰਹੇ ਹਨ । ਇਸ ਲਈ ਜਦ ਵੀ ਸਰਕਾਰ ਵਲੋਂ ਪੱਕੀ ਭਰਤੀ ਕੀਤੀ ਜਾਂਦੀ ਹੈ ਤਾਂ ਇਹਨਾਂ 160 ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇ ਅਤੇ ਕੌਂਸਲਰਾਂ ਨੂੰ ਪੁੱਛ ਕੇ ਹੀ ਭਰਤੀ ਕੀਤੀ ਜਾਵੇ ।

ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਬੀ.ਐਮ.ਸੀ. ਚੌਂਕ ਤੋਂ ਭਗਤ ਨਾਮਦੇਵ ਚੌਂਕ ਤੱਕ ਦੀ ਸੜਕ ਸਮਾਰਟ ਸਿਟੀ ਤਹਿਤ ਬਨਾਉਣ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਇਸ ਬਾਰੇ ਤੁਸੀਂ ਐਮ.ਐਲ.ਏ. ਸਾਹਿਬ ਨਾਲ ਗੱਲ ਕਰ ਲਵੋ ।

ਕਮਿਸ਼ਨਰ ਜੀ ਨੇ ਦੱਸਿਆ ਕਿ ਵਿਰਸਾ ਵਿਹਾਰ ਅੰਦਰ ਟਾਈਲਾਂ ਦਾ ਕੰਮ ਨਗਰ ਨਿਗਮ ਨੇ ਕਰਵਾਇਆ ਹੈ । ਤੁਸੀਂ ਲਿਖ ਕੇ ਆਪਣੀਆਂ ਓਬਜ਼ਰਵੇਸ਼ਨਸ ਦਿਓ ਅਸੀਂ ਡਿਸਕਸ ਕਰ ਲਵਾਂਗੇ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਕਿ ਭਾਰਗੋ ਕੈਂਪ ਦਾ 24×36 ਇੰਚੀ ਡਾਇਆ ਸੀਵਰੇਜ਼ ਕਾਫੀ ਸਾਲਾਂ ਤੋਂ ਬੰਦ ਪਿਆ ਹੈ । ਵੈਸਟ ਹਲਕੇ ਵਿੱਚ ਸਿਰਫ ਇਕੋ ਜੇ.ਈ. ਹੈ ਅਤੇ ਉਸ ਪਾਸ 23 ਵਾਰਡ ਹਨ । ਇਲਾਕੇ ਵਿੱਚ ਗੰਦਾ ਪਾਣੀ ਆ ਰਿਹਾ ਹੈ । ਮੈਂ ਐਸ.ਈ. ਸਾਹਿਬ ਨੰ ਮਿਲਿਆ ਪਰ ਐਸ.ਈ. ਸਾਹਿਬ ਮੌਕੇ ਤੇ ਗਏ ਹੀ ਨਹੀਂ । ਵਾਰਡ ਨੰ: 32,33,34,35 ਅਤੇ 36 ਦੇ ਸੀਵਰੇਜ਼ ਬੰਦ ਪਏ ਹਨ । ਸੁਪਰ ਸਕਸ਼ਨ ਮਸ਼ੀਨਾਂ ਕਿਥੇ ਕੰਮ ਕਰ ਰਹੀਆਂ ਹਨ । ਬਜਟ ਘੱਟ ਹੈ ਤਾਂ ਹੀਂ ਅਸੀਂ ਨਵੀਂ ਭਰਤੀ ਨਹੀਂ ਕਰ ਪਾ ਰਹੇ ਹਾਂ । ਸਾਡੇ ਕੋਲੋਂ ਕੋਈ ਸਿਸਟਮ ਹੀ ਨਹੀਂ ਬਣ ਰਿਹਾ । ਦੋ ਟਿਊਬਵੇਲਾਂ ਦੇ ਤਖ਼ਮੀਨੇ ਬਨਾਉਣ ਲਈ ਐਮ.ਐਲ.ਏ. ਸਾਹਿਬ ਨੇ ਵੀ ਕਿਹਾ ਸੀ ਪਰ ਉਹ ਤਖ਼ਮੀਨੇ ਅਜੇ ਤੱਕ ਨਹੀਂ ਬਣੇ ।

ਸ੍ਰੀ ਰਵਿੰਦਰ ਕੁਮਾਰ ਜੁਨੇਜਾ, ਕੌਂਸਲਰ ਨੇ ਕਿਹਾ ਕਿ ਅਰਬਨ ਐਸਟੇਟ ਫੇਸ-1 ਤੋਂ ਜਲੰਧਰ ਹਾਈਟਸ ਤੱਕ 100 ਫੁਟੀ ਸੜਕ ਹੈ ਪਰ ਟਰੈਫਿਕ ਲਈ ਸਿਰਫ 40 ਫੁੱਟ ਹੀ ਹੈ । ਉਥੇ ਲੋਕਾਂ ਨੇ ਬਹੁਤ ਮੁਦਾਖ਼ਲਤਾਂ ਕੀਤੀਆਂ ਹੋਈਆਂ ਹਨ। ਇਸ ਸੜਕ ਨੂੰ ਸਮਾਰਟ ਵਿੱਚ ਪ੍ਰੋਜੈਕਟ ਵਿੱਚ ਸ਼ਾਮਲ ਕੀਤਾ ਜਾਵੇ । ਉਹਨਾਂ ਸਫਾਈ ਦੀਆਂ ਨਵੀਂਆਂ ਮਸ਼ੀਨਾ ਦੀ ਵੀ ਮੰਗ ਕੀਤੀ ।

ਕਮਿਸ਼ਨਰ ਜੀ ਨੇ ਕਿਹਾ ਕਿ ਅਰਬਨ ਅਸਟੇਟ ਫੇਸ-2 ਮਾਰਕਿਟ ਦਾ ਟੈਂਡਰ ਲੱਗ ਗਿਆ ਹੈ । ਤੁਸੀਂ ਜੇਕਰ ਸ਼ਮਸ਼ਾਨ ਘਾਟ ਦੀ ਜਗ੍ਹਾ ਜਿਹੜੀ ਕਿ ਨਗਰ ਨਿਗਮ ਦੀ ਮਾਲਕੀ ਹੈ ਉਸ ਵਿੱਚੋਂ ਕੁਝ ਜਗਾਂ ਦਿਓ ਤਾਂ ਇਹ ਸੜਕ ਸਿੱਧੀ ਕਰ ਦੇਵਾਂਗੇ ਜਿਸ ਤੇ ਸ੍ਰੀ ਰਵਿੰਦਰ ਕੁਮਾਰ ਜੁਨੇਜਾ ਨੇ ਹਾਮੀ ਭਰੀ ਅਤੇ ਕਮਿਸ਼ਨਰ ਜੀ ਨੇ ਉਹਨਾਂ ਨੂੰ ਇਸ ਬਾਰੇ ਐਸ.ਈ. ਸ੍ਰੀ ਰਜਨੀਸ਼ ਡੋਗਰਾ ਜੀ ਨੂੰ ਮਿਲਣ ਲਈ ਕਿਹਾ ।ਕਮਿਸ਼ਨਰ ਜੀ ਨੇ ਇਹ ਵੀ ਦੱਸਿਆ ਕਿ ਹਰੇਕ ਕੰਸੀਚਿਉਂਸੀ ਲਈ ਵੱਖਰੀਆਂ ਵੱਖਰੀਆਂ ਡਿਸਿਲਟਿੰਗ ਦੀਆਂ ਮਸ਼ੀਨਾਂ ਪਰੋਵਾਈਡ ਕਰਵਾ ਦਿੱਤੀਆਂ ਗਈਆਂ ਹਨ । ਅਸੀਂ ਮੇਅਰ ਜੀ ਨਾਲ ਡਿਸਕਸ ਕਰਕੇ ਹੋਰ ਮਸ਼ੀਨਾਂ ਵੀ ਲੈ ਲਵਾਂਗੇ ।

ਸ੍ਰੀਮਤੀ ਬਲਵਿੰਦਰ ਕੋਰ, ਕੌਂਸਲਰ ਨੇ ਸੀਵਰੇਜ਼ ਬਲਾਕੇਜ਼ ਸਬੰਧੀ ਮੁੱਦਾ ਉਠਾਇਆ ਅਤੇ ਮਸ਼ੀਨ ਦੀ ਮੰਗ ਕੀਤੀ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਕਿਹਾ ਕਿ ਸੀਵਰੇਜ਼ ਦੀ ਸੱਮਸਿਆ ਬਹੁਤ ਜ਼ਿਆਦਾ ਹੈ ਅਤੇ ਖ਼ਾਸ ਕਰਕੇ ਬਸਤੀਆਂ ਦੇ ਇਲਾਕੇ ਵਿੱਚ । ਸਟਾਫ ਦੀ ਬਹੁਤ ਘਾਟ ਹੈ । ਐਲ.ਈ.ਡੀ. ਲਾਈਟਾਂ ਦਾ ਪ੍ਰੋਜੈਕਟ ਫੇਲ ਹੈ ਕਿਉਂ ਜ਼ੋ ਪੁਰਾਣੀਆਂ ਤਾਰਾਂ ਤੇ ਹੀ ਲਾਈਟਾਂ ਲਗਾਈਆਂ ਜਾ ਰਹੀਆਂ ਹਨ । ਜਿਹੜੀਆਂ ਲਾਈਟਾਂ ਖ਼ਰਾਬ ਹੁੰਦੀਆਂ ਹਨ ਉਹ ਕਈ ਕਈ ਦਿਨ ਠੀਕ ਨਹੀਂ ਹੁੰਦੀਆਂ ਅਤੇ ਕੋਈ ਸੁਣਵਾਈ ਨਹੀ ਹੈ । ਕਈ ਕਲੋਨੀਆਂ ਐਕਸਟੈਂਡ ਹੋਈਆਂ ਹਨ । 150 ਲਾਈਟਾਂ ਦੀ ਲੋੜ ਹੈ ਪਰ ਨਹੀਂ ਲੱਗ ਰਹੀਆਂ । ਉਹਨਾਂ ਇਹ ਵੀ ਕਿਹਾ ਕਿ ਕਮੇਟੀਆਂ ਇੱਕ ਸਾਲ ਤੋਂ ਵੱਧ ਨਾ ਬਣਾਈਆਂ ਜਾਣ । ਅੱਗੇ ਉਹਨਾ ਨੇ ਕਿਹਾ ਕਿ ਨਗਰ ਨਿਗਮ ਦੀ ਆਮਦਨ ਬਾਰੇ ਵੀ ਸੋਚਿਆ ਜਾਵੇ । ਉਹਨਾਂ ਇਹ ਵੀ ਕਿਹਾ ਕਿ ਟੈਂਡਰਾਂ ਤੇ ਲੈਸ ਦਾ ਜਿਹੜਾ ਕਰਾਇਟੀਰੀਆ ਅਪਣਾਇਆ ਜਾ ਰਿਹਾ ਹੈ ਉਹ ਬਿਲਕੁਲ ਗਲਤ ਹੈ ਅਤੇ ਕੌਂਸਲਰਾਂ ਨੂੰ ਕਾਨਫੀਡੈਂਸ ਵਿੱਚ ਲਏ ਬਿਨਾ ਹੀ ਟੈਂਡਰ ਰੱਦ ਕਰ ਦਿੱਤੇ ਜਾਂਦੇ ਹਨ ।

ਸ੍ਰੀ ਮਨਦੀਪ ਕੌਰ ਮੁਲਤਾਨੀ, ਕੌਂਸਲਰ ਨੇ ਕਿਹਾ ਕਿ ਸਟਰੀਟ ਲਾਈਟ ਸ਼ਾਖਾ ਵਿੱਚ ਨਾ ਤਾਂ ਇਲੈਕਟ੍ਰੀਸ਼ਨ ਹਨ, ਨਾ ਹੀ ਕੋਈ ਸਾਮਾਨ ਹੈ ।

ਸ੍ਰੀ ਪ੍ਰਭਦਿਆਲ ਭਗਤ, ਕੌਂਸਲਰ ਨੇ ਕਿਹਾ ਕਿ ਲੇਬਰ ਕਲੋਨੀ, ਕੰਨਿਆਵਾਲੀ ਦੇ ਕੰਮਿਉਨਿਟੀ ਹਾਲ ਦਾ ਕੰਮ ਲਟਕਿਆ ਪਿਆ ਹੈ । ਜ਼ੋਨ ਨੰ: 9 ਵਿਖੇ ਜਗ੍ਹਾ ਪਈ ਹੈ ਉਥੇ ਹਾਲ ਬਨਾ ਦਿੱਤਾ ਜਾਵੇ ਜਿਸ ਤੇ ਕਮਿਸ਼ਨਰ ਜੀ ਨੇ ਕਿਹਾ ਕਿ ਜੇਕਰ ਹਾਊਸ ਮੰਨਦਾ ਹੈ ਤਾਂ ਇਸ ਜਗ੍ਹਾ ਤੇ ਕਮਿਊਨਿਟੀ ਹਾਲ ਬਨਵਾ ਦਿੱਤਾ ਜਾਵੇਗਾ।ਉਹਨਾਂ ਅੱਗੇ ਇਹ ਵੀ ਕਿਹਾ ਕਿ ਉਹ ਲੈਂਡ ਸਕੇਪ ਕਮੇਟੀ ਦੇ ਮੈਂਬਰ ਹਨ ਪਰ ਇਸ ਕਮੇਟੀ ਵਲੋਂ ਅੱਜ ਤੱਕ ਇੱਕ ਵੀ ਮੀਟਿੰਗ ਨਹੀਂ ਕੀਤੀ ਗਈ ਜਿਸ ਤੇ ਮੇਅਰ ਜੀ ਨੇ ਕਿਹਾ ਕਿ ਤੁਸੀਂ ਚੇਅਰਮੈਨ ਨੂੰ ਬਦਲਣ ਲਈ ਲਿਖ ਕੇ ਦੇਵੋ ਤਾਂ ਚੇਅਰਮੈਨ ਬਦਲ ਦੇਵਾਂਗੇ ।ਉਹਨਾਂ ਅੱਗੇ ਇਹ ਮੁੱਦਾ ਵੀ ਉਠਾਇਆ ਕਿ ਗੜਾ ਵਿਖੇ ਸਰਕਾਰੀ ਮਿਡਲ ਸਕੂਲ ਦੀ ਬਿਲਡਿੰਗ ਇਲੀਗਲ ਹੈ ਜਿਸ ਤੇ ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਤੁਸੀਂ ਲਿਖ ਕੇ ਦਿਓ ਤਾਂ ਇਸ ਦੀ ਜਾਂਚ ਕਰਵਾ ਲਈ ਜਾਵੇਗੀ ।

ਸ੍ਰੀਮਤੀ ਬਿਮਲਾ ਰਾਣੀ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਇਲਾਕੇ ਵਿਖੇ ਥਾਂ ਥਾਂ ਤੇ ਸੀਵਰੇਜ਼ ਬੰਦ ਪਏ ਹਨ ਪਰ ਕੋਈ ਅਧਿਕਾਰੀ ਗੱਲ ਨਹੀਂ ਸੁਣ ਰਿਹਾ ।

ਸ੍ਰੀਮਤੀ ਜਸਪਾਲ ਕੌਰ ਭਾਟੀਆ, ਕੌਂਸਲਰ ਨੇ ਕਿਹਾ ਕਿ ਰੋਡ ਗਲੀਆਂ ਦੀ ਸਫਾਈ ਨਹੀਂ ਹੋ ਰਹੀ । ਨਾ ਹੀ ਫਾਗਿੰਗ ਹੋ ਰਹੀ ਹੈ । ਕੋਈ ਅਧਿਕਾਰੀ ਉਹਨਾਂ ਦੀ ਗੱਲ ਨਹੀਂ ਸੁੰਣਦੇ । ਸਮਾਰਟ ਸਿਟੀ ਦੇ ਕੰਮਾਂ ਵਿੱਚ ਬਹੁਤ ਧਾਂਧਲੀ ਹੋ ਰਹੀ ਹੈ ।

ਅੰਤ ਵਿੱਚ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਸਮਾਪਤ ਕੀਤੀ ਗਈ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 32

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 19.2.2021 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 19.2.2021 ਨੂੰ '' ਰੈਡ ਕਰਾਸ ਭਵਨ, ਜਲੰਧਰ'' ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:
ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 33

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਇਲੈਕਟਰੀਸ਼ੀਅਨਾ ਨੂੰ ਸੀਨੀਆਰਤਾ ਦੇ ਅਧਾਰ ਤੇ ਬਤੋਰ ਇਲੈਕਟਰੀਕਲ ਸੁਪਰਵਾਈਜ਼ਰ ਪਦਉਨਤ ਕਰਨ ਸੰਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 08.02.2021 ਦੀ ਕਾਰਵਾਈ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਸਬ-ਕਮੇਟੀ ਦੀ ਮੀਟਿੰਗ ਮਿਤੀ 08.02.2021 ਨੂੰ ਮਾਨਯੋਗ ਸੰਯੁਕਤ ਕਮਿਸ਼ਨਰ (ਆਰ.) ਜੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਵਰਿੰਦਰ ਖੰਨਾ, ਲੀਗਲ ਐਡਵਾਈਜ਼ਰ
2. ਸ਼੍ਰੀ ਭੁਪਿੰਦਰ ਸਿੰਘ, ਕਾਰਪੋਰੇਸ਼ਨ ਇੰਜੀਨੀਅਰ (ਓ.ਐਂਡ ਐਮ)
3. ਸ਼੍ਰੀ ਸੰਦੀਪ ਕੁਮਾਰ, ਉਪ-ਸੰਚਾਲਕ (ਵਿੱਤ ਅਤੇ ਲੇਖਾ)

ਉਪਰੋਕਤ ਦੇ ਸੰਬੰਧ ਵਿਚ ਨਗਰ ਨਿਗਮ, ਜਲੰਧਰ ਦੇ ਬਜਟ ਅਨੁਸਾਰ ਸਟਰੀਟ ਲਾਈਟ ਸ਼ਾਖਾ ਵਿਚ ਸੁਪਰਵਾਈਜ਼ਰ ਦੀ ਇੱਕ ਅਸਾਮੀ ਪ੍ਰਵਾਨਤ ਹੈ ਜੋ ਕਿ ਸ਼੍ਰੀ ਜਗਰੂਪ ਰਾਣਾ ਦੀ ਬਤੋਰ ਜੁਨੀਅਰ ਇੰਜੀਨੀਅਰ ਪਦਉਨਤੀ ਉਪਰੰਤ ਖਾਲੀ ਹੈ। ਇਸ ਸੰਬੰਧੀ ਦਫਤਰੀ ਰਿਪੋਰਟ ਅਨੁਸਾਰ ਇਹ ਅਸਾਮੀ ਮੋਜੂਦਾ ਸਮੇਂ ਖਾਲੀ ਹੈ। ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਇਲੈਕਟਰੀਸ਼ੀਅਨਾ ਦੀ ਸੀਨੀਆਰਤਾ ਸੂਚੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਇਸ ਸੀਨੀਆਰਤਾ ਸੂਚੀ ਵਿਚ ਸ਼੍ਰੀ ਦੀਪਕ ਜੈਰਥ ਲੜੀ ਨੰ:1 ਤੇ ਹੈ। ਇਸ ਕਰਮਚਾਰੀ ਦੀ ਸੇਵਾ-ਪੱਤਰੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਮੋਜੂਦਾ ਸਮੇਂ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ/ ਵਿਜੀਲੈਂਸ ਕੇਸ ਲੰਬਿਤ ਨਹੀ ਹੈ ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਦੀ ਰਿਪੋਰਟ ਮਿਤੀ 20.01.2021 ਅਨੁਸਾਰ ਇਸਦਾ ਕੰਮ-ਕਾਜ਼ ਅਤੇ ਵਤੀਰਾ ਤਸੱਲੀਬਖਸ਼ ਹੈ।

ਸ਼੍ਰੀ ਦੀਪਕ ਜੈਰਥ, ਇਲੈਕਟਰੀਸ਼ੀਅਨ ਦੀ ਨਿਯੁਕਤੀ ਦੀ ਮਿਤੀ 19.12.2011 ਹੈ ਅਤੇ ਇਸਨੂੰ ਇਸ ਅਸਾਮੀ ਤੇ ਕੰਮ ਕਰਦਿਆਂ ਲੱਗਭੱਗ 10 ਸਾਲ ਦਾ ਸਮਾਂ ਹੋ ਗਿਆ ਹੈ। ਇਸ ਕਰਮਚਾਰੀ ਦੀਆਂ ਸਾਲ 2016-17 ਤੋਂ ਸਾਲ 2019-20 ਤੱਕ ਦੀਆਂ ਗੁਪਤ ਰਿਪੋਰਟਾਂ ਵਿਚ ਕੋਈ ਵਿਚ ਕੋਈ ਮਾੜਾ ਅੰਦਰਾਜ਼ ਨਹੀ ਹੈ ਅਤੇ ਇਹ ਕਰਮਚਾਰੀ ਜਨਰਲ ਕੈਟਾਗਰੀ ਨਾਲ ਸੰਬੰਧ ਰੱਖਦਾ ਹੈ।ਸ਼੍ਰੀ ਦੀਪਕ ਜੈਰਥ, ਇਲੈਕਟਰੀਸ਼ੀਅਨ ਵੱਲੋਂ 10ਵੀਂ (ਸਮੇਤ ਪੰਜਾਬੀ ਵਿਸ਼ਾ) ਪਾਸ ਹੈ ਅਤੇ ਇਸ ਕਰਮਚਾਰੀ ਵੱਲੋਂ 3 ਸਾਲ ਦਾ ਇਲੈਕਟਰੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਮੇਹਰ ਚੰਦ ਪੋਲੀਟੈਕਨੀਕਲ ਕਾਲਜ਼ ਪਾਸੋਂ ਪਾਸ ਕੀਤਾ ਗਿਆ ਹੈ।ਸੁਪਰਵਾਈਜ਼ਰ ਦੀ ਅਸਾਮੀ ਨਾਨ ਪ੍ਰਾਂਤੀਕਰਨ ਕੇਡਰ ਨਾਲ ਸੰਬੰਧ ਰੱਖਦੀ ਹੈ ਅਤੇ ਇਸ ਅਸਾਮੀ ਦੇ ਕੋਈ ਸੇਵਾ ਨਿਯਮ ਨਹੀ ਹਨ। ਸਬ-ਕਮੇਟੀ ਵੱਲੋਂ ਦਸਤਾਵੇਜਾਂ ਦੀ ਘੋਖ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਕਿਉਂ ਜੋ ਸ਼੍ਰੀ ਦੀਪਕ ਜੈਰਥ, ਇਲੈਕਟਰੀਸ਼ੀਅਨ ਮੋਜੂਦਾ ਸਮੇਂ ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਇਲੈਕਟਰੀਸ਼ੀਅਨਾਂ ਵਿੱਚੋਂ ਸਬ-ਤੋਂ ਸੀਨੀਅਰ ਹੈ ਅਤੇ ਇਸ ਵੱਲੋਂ 3 ਸਾਲ ਦਾ ਇਲੈਕਟਰੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਪਾਸ ਕੀਤਾ ਗਿਆ ਹੈ, ਇਸ ਲਈ ਵਿਚਾਰ ਵਟਾਂਦਰਾ ਕਰਨ ਉਪਰੰਤ ਸਬ-ਕਮੇਟੀ ਵੱਲੋਂ ਸ਼੍ਰੀ ਦੀਪਕ ਜੈਰਥ, ਇਲੈਕਟਰੀਸ਼ੀਅਨ ਨੂੰ ਵਿਦਿਅਕ ਯੋਗਤਾ ਅਤੇ ਸੀਨੀਆਰਤਾ ਦੇ ਅਧਾਰ ਤੇ ਬਤੋਰ ਸੁਪਰਵਾਈਜ਼ਰ ਪਦਉਨਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹੀ/-ਗੁਰਵਿੰਦਰ ਰੰਧਾਵਾ
ਸੰਯੁਕਤ ਕਮਿਸ਼ਨਰ

ਸਹੀ/-ਵਰਿੰਦਰ ਖੰਨਾ
ਲੀਗਲ ਐਡਵਾਈਜ਼ਰ

ਸਹੀ/- ਸੰਦੀਪ ਕੁਮਾਰ
ਉਪ-ਸੰਚਾਲਕ (ਵਿੱਤ ਅਤੇ ਲੇਖਾ)

ਸਹੀ/- ਭੁਪਿੰਦਰ ਸਿੰਘ
ਕਾਰਜਕਾਰੀ ਇੰਜੀਨੀਅਰ, ਓ.ਐਂਡ ਐਮ.

ਕਮਿਸ਼ਨਰ ਜੀ ਨੇ ਮਿਤੀ 20.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.3.2021 ਰਾਹੀਂ ਸਬ-ਕਮੇਟੀ ਦੀ ਕਾਰਵਾਈ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਸਬ-ਕਮੇਟੀ ਦੀ ਕਾਰਵਾਈ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 34

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਸ਼੍ਰੀ ਜਰਨੈਲ ਸਿੰਘ, ਫਿਟਰ ਨੂੰ ਸੀਨੀਆਰਤਾ ਦੇ ਅਧਾਰ ਤੇ ਬਤੋਰ ਸੁਪਰਵਾਈਜ਼ਰ ਪਦਉਨਤ ਕਰਨ ਸੰਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 10.02.2021 ਦੀ ਕਾਰਵਾਈ ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਸਬ-ਕਮੇਟੀ ਦੀ ਮੀਟਿੰਗ ਮਿਤੀ 10.02.2021 ਨੂੰ ਮਾਨਯੋਗ ਸੰਯੁਕਤ ਕਮਿਸ਼ਨਰ (ਆਰ.) ਜੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਵਰਿੰਦਰ ਖੰਨਾ, ਲੀਗਲ ਐਡਵਾਈਜ਼ਰ
2. ਸ਼੍ਰੀ ਭੁਪਿੰਦਰ ਸਿੰਘ, ਕਾਰਪੋਰੇਸ਼ਨ ਇੰਜੀਨੀਅਰ (ਓ.ਐਂਡ ਐਮ)
3. ਸ਼੍ਰੀ ਸੰਦੀਪ ਕੁਮਾਰ, ਉਪ-ਸੰਚਾਲਕ (ਵਿੱਤ ਅਤੇ ਲੇਖਾ)

ਉਪਰੋਕਤ ਦੇ ਸੰਬੰਧ ਵਿਚ ਨਗਰ ਨਿਗਮ, ਜਲੰਧਰ ਦੇ ਬਜਟ ਅਨੁਸਾਰ ਵਾਟਰ ਸਪਲਾਈ ਸ਼ਾਖਾ ਵਿਚ ਸੁਪਰਵਾਈਜ਼ਰ ਦੀ ਇੱਕ ਅਸਾਮੀ ਪ੍ਰਵਾਨਤ ਹੈ। ਇਸ ਅਸਾਮੀ ਦੇ ਸ਼੍ਰੀ ਅਮਰਜੀਤ ਸਿੰਘ ਨੂੰ ਨਗਰ ਨਿਗਮ ਜਲੰਧਰ ਦੇ ਮਤਾ ਨੰ:89 ਮਿਤੀ 5.12.2016 ਅਨੁਸਾਰ ਫਿਟਰ ਤੋਂ ਬਤੋਰ ਵਾਟਰ ਸਪਲਾਈ ਸੁਪਰਵਾਈਜ਼ਰ ਪਦਉਨਤ ਕੀਤਾ ਗਿਆ ਸੀ, ਜੋ ਕਿ ਬਤੋਰ ਜੂਨੀਅਰ ਇੰਜੀਨੀਅਰ ਪਦਉਨਤ ਹੋ ਗਿਆ ਹੈ ਅਤੇ ਹੁਣ ਸ਼੍ਰੀ ਅਮਰਜੀਤ ਦੀ ਪਦਉਨਤੀ ਉਪਰੰਤ ਇਹ ਅਸਾਮੀ ਖਾਲੀ ਹੈ।ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਫਿਟਰਾਂ ਦੀ ਸੀਨੀਆਰਤਾ ਸੂਚੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਇਸ ਸੀਨੀਆਰਤਾ ਸੂਚੀ ਵਿਚ ਜਰਨੈਲ ਸਿੰਘ, ਫਿਟਰ ਮੋਜੂਦਾ ਸਮੇਂ ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਫਿਟਰਾਂ ਵਿੱਚੋਂ ਸਬ ਤੋਂ ਸੀਨੀਅਰ ਹੈ। ਇਸ ਕਰਮਚਾਰੀ ਦੀ ਸੇਵਾ-ਪੱਤਰੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਮੋਜੂਦਾ ਸਮੇਂ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ/ ਵਿਜੀਲੈਂਸ ਕੇਸ ਲੰਬਿਤ ਨਹੀ ਹੈ ਅਤੇ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਦੀ ਰਿਪੋਰਟ ਮਿਤੀ 20.1.2020 ਅਨੁਸਾਰ ਇਸਦਾ ਕੰਮ-ਕਾਜ਼ ਅਤੇ ਵਤੀਰਾ ਤਸੱਲੀਬਖਸ਼ ਹੈ। ਸ਼੍ਰੀ ਜਰਨੈਲ ਸਿੰਘ ਵੱਲੋਂ ਦਫਤਰੀ ਰਸੀਟ ਨੰ:2642 ਮਿਤੀ 30.09.2019 ਰਾਹੀਂ ਆਪਸ਼ਨ ਦਿੱਤੀ ਗਈ ਸੀ ਕਿ ਉਹ ਬਤੋਰ ਫੋਰਮੈਨ ਪਦਉਨਤੀ ਨਹੀ ਲੈਣਾ ਚਾਹੁੰਦਾ, ਉਸਨੂੰ ਬਤੋਰ ਸੁਪਰਵਾਈਜ਼ਰ ਤਰੱਕੀ ਦਾ ਲਾਭ ਦਿੱਤਾ ਜਾਵੇ।

ਸ਼੍ਰੀ ਜਰਨੈਲ ਸਿੰਘ, ਫਿਟਰ ਦੀ ਨਿਯੁਕਤੀ ਦੀ ਮਿਤੀ 21.12.2011 ਹੈ ਅਤੇ ਇਸਨੂੰ ਇਸ ਅਸਾਮੀ ਤੇ ਕੰਮ ਕਰਦਿਆਂ ਲੱਗਭੱਗ 10 ਸਾਲ ਦਾ ਸਮਾਂ ਹੋ ਗਿਆ ਹੈ। ਇਸ ਕਰਮਚਾਰੀ ਦੀਆਂ ਸਾਲ 2016-17 ਤੋਂ ਸਾਲ 2019-20 ਤੱਕ ਦੀਆਂ ਗੁਪਤ ਰਿਪੋਰਟਾਂ ਵਿਚ ਕੋਈ ਮਾੜਾ ਅੰਦਰਾਜ਼ ਨਹੀ ਹੈ ਅਤੇ ਇਹ ਕਰਮਚਾਰੀ ਜਨਰਲ ਕੈਟਾਗਰੀ ਨਾਲ ਸੰਬੰਧ ਰੱਖਦਾ ਹੈ।ਸ਼੍ਰੀ ਜਰਨੈਲ ਸਿੰਘ, ਫਿਟਰ 12ਵੀਂ (ਸਮੇਤ ਪੰਜਾਬੀ ਵਿਸ਼ਾ) ਪਾਸ ਹੈ ਅਤੇ ਇਸ ਕਰਮਚਾਰੀ ਵੱਲੋਂ 1 ਸਾਲ ਦੀ ਆਈ.ਟੀ.ਆਈ ਇਨ ਪਲੰਬਰ ਟਰੇਡ ਪਾਸ ਕੀਤੀ ਗਈ ਹੈ, ਜਿਸ ਸੰਬੰਧੀ ਕਰਮਚਾਰੀ ਦੇ ਦਸਤਾਵੇਜ ਮਿਸਲ ਵਿਚ ਨੱਥੀ ਹਨ।ਸੁਪਰਵਾਈਜ਼ਰ ਦੀ ਅਸਾਮੀ ਨਾਨ ਪ੍ਰਾਂਤੀਕਰਨ ਕੇਡਰ ਨਾਲ ਸੰਬੰਧ ਰੱਖਦੀ ਹੈ ਅਤੇ ਇਸ ਅਸਾਮੀ ਦੇ ਕੋਈ ਸੇਵਾ ਨਿਯਮ ਨਹੀ ਹਨ, ਇਸ ਅਸਾਮੀ ਤੇ ਪਹਿਲਾਂ ਵੀ ਸ਼੍ਰੀ ਅਮਰਜੀਤ ਸਿੰਘ, ਫਿਟਰ ਨੂੰ ਨਗਰ ਨਿਗਮ ਜਲੰਧਰ ਦੇ ਮਤਾ ਨੰ:89 ਮਿਤੀ 5.12.2016 ਬਤੋਰ ਸੁਪਰਵਾਈਜ਼ਰ ਪਦਉਨਤ ਕੀਤਾ ਗਿਆ ਸੀ। ਸਬ-ਕਮੇਟੀ ਵੱਲੋਂ ਦਸਤਾਵੇਜਾਂ ਦੀ ਘੋਖ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਕਿਉਂ ਜੋ ਸ਼੍ਰੀ ਜਰਨੈਲ ਸਿੰਘ, ਫਿਟਰ ਮੋਜੂਦਾ ਸਮੇਂ ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਫਿਟਰਾਂ ਵਿੱਚੋਂ ਸਬ-ਤੋਂ ਸੀਨੀਅਰ ਹੈ ਅਤੇ ਇਸ ਵੱਲੋਂ 1 ਸਾਲ ਦੀ ਆਈ.ਟੀ.ਆਈ ਇਨ ਪਲੰਬਰ ਟਰੇਡ ਪਾਸ ਕੀਤੀ ਗਈ ਹੈ, ਇਸ ਲਈ ਵਿਚਾਰ ਵਟਾਂਦਰਾ ਕਰਨ ਉਪਰੰਤ ਸਬ-ਕਮੇਟੀ ਵੱਲੋਂ ਸ਼੍ਰੀ ਜਰਨੈਲ ਸਿੰਘ, ਫਿਟਰ ਨੂੰ ਵਿਦਿਅਕ ਯੋਗਤਾ ਅਤੇ ਸੀਨੀਆਰਤਾ ਦੇ ਅਧਾਰ ਤੇ ਬਤੋਰ ਸੁਪਰਵਾਈਜ਼ਰ ਪਦਉਨਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹੀ/- ਗੁਰਵਿੰਦਰ ਰੰਧਾਵਾ
ਸੰਯੁਕਤ ਕਮਿਸ਼ਨਰ

ਸਹੀ/-ਵਰਿੰਦਰ ਖੰਨਾ
ਲੀਗਲ ਐਡਵਾਈਜ਼ਰ

ਸਹੀ/- ਸੰਦੀਪ ਕੁਮਾਰ
ਉਪ-ਸੰਚਾਲਕ (ਵਿੱਤ ਅਤੇ ਲੇਖਾ)

ਸਹੀ/- ਭੁਪਿੰਦਰ ਸਿੰਘ
ਕਾਰਜਕਾਰੀ ਇੰਜੀਨੀਅਰ, ਓ.ਐਂਡ ਐਮ.

ਕਮਿਸ਼ਨਰ ਜੀ ਨੇ ਮਿਤੀ 20.2.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.5.2021 ਰਾਹੀਂ ਸਬ-ਕਮੇਟੀ ਦੀ ਕਾਰਵਾਈ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਸਬ-ਕਮੇਟੀ ਦੀ ਕਾਰਵਾਈ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 35

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਨੂੰ ਦਰਜਾ-3 ਵਿਚ ਬਤੋਰ ਕਲਰਕ ਪਦਉਨਤ ਕਰਨ ਹਿਤ ਸਬ-ਕਮੇਟੀ ਦੀ ਮਿਤੀ 03.06.2021 ਨੂੰ ਹੋਈ ਮੀਟਿੰਗ ਦੀ ਕਾਰਵਾਈ।

ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਨੂੰ ਦਰਜਾ-3 ਵਿਚ ਬਤੋਰ ਕਲਰਕ ਪਦਉਨਤ ਕਰਨ ਹਿਤ ਮਾਨਯੋਗ ਕਮਿਸ਼ਨਰ ਜੀ ਵੱਲੋਂ ਬਣਾਈ ਗਈ ਸਬ-ਕਮੇਟੀ ਦੀ ਮੀਟਿੰਗ ਮਿਤੀ 03.06.2021 ਨੂੰ ਸ਼੍ਰੀਮਤੀ ਗੁਰਵਿੰਦਰ ਰੰਧਾਵਾ, ਸੰਯੁਕਤ ਕਮਿਸ਼ਨਰ, ਨਗਰ ਨਿਗਮ, ਜਲੰਧਰ ਜੀ ਦੀ ਪ੍ਰਧਾਨਗੀ ਵਿਚ ਹੋਈ ਜਿਸ ਵਿਚ ਸਬ ਕਮੇਟੀ ਦੇ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਰਾਹੁਲ ਧਵਨ, ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) (ਮੈਂਬਰ)
2. ਸ਼੍ਰੀ ਮਨਜਤਿੰਦਰ ਸਿੰਘ ਜੋਹਲ, ਕਾਰਜਕਾਰੀ ਇੰਜੀਨੀਅਰ (ਲਾਈਟ) (ਮੈਂਬਰ)
3. ਸ਼੍ਰੀ ਸੰਦੀਪ ਕੁਮਾਰ, ਉਪ-ਸੰਚਾਲਕ (ਵਿੱਤ ਅਤੇ ਲੇਖਾ) (ਮੈਂਬਰ)
4. ਡਾ: ਸ਼੍ਰੀਕ੍ਰਿਸ਼ਨ, ਸਹਾਇਕ ਸਿਹਤ ਅਫਸਰ (ਮੈਂਬਰ)
5. ਸ਼੍ਰੀ ਹਰਜੋਤ ਸਿੰਘ (ਸੁਪਰਡੰਟ ਲੀਗਲ ਸ਼ਾਖਾ) (ਮੈਂਬਰ)

ਮੀਟਿੰਗ ਦੀ ਸ਼ੁਰੂਆਤ ਵਿਚ ਅਮਲਾ ਸੁਪਰਡੰਟ ਵੱਲੋਂ ਦੱਸਿਆ ਗਿਆ ਕਿ ਸਰਕਾਰ ਦੀ ਹਦਾਇਤਾਂ ਅਨੁਸਾਰ ਕਲਰਕਾਂ ਦੀਆਂ ਕੁੱਲ ਪ੍ਰਵਾਨਤ ਅਸਾਮੀਆਂ ਵਿੱਚੋਂ 15% ਕੋਟਾ ਦਰਜਾ-4 ਤੋਂ ਪਦਉਨਤੀ ਹਿਤ ਨਿਰਧਾਰਤ ਕੀਤਾ ਗਿਆ ਹੈ। ਇਸ ਕੋਟੇ ਸੰਬੰਧੀ ਪਦਉਨਤੀ ਦੀ ਮੋਜੂਦਾ ਸਥਿਤੀ ਹੇਠ ਅਨੁਸਾਰ ਹੈ:-

ਕਲਰਕਾਂ ਦੀਆਂ ਕੁੱਲ ਪ੍ਰਵਾਨਤ ਅਸਾਮੀਆਂ	248
15% ਦੇ ਹਿਸਾਬ ਨਾਲ ਬਣਦਾ ਕੋਟਾ	037
ਮੋਜੂਦਾ ਸਮੇਂ ਭਰੀਆਂ ਪੋਸਟਾਂ	030
ਖਾਲੀ ਪੋਸਟਾਂ	007

ਉਕਤ ਤੋਂ ਇਲਾਵਾ ਅਮਲਾ ਸੁਪਰਡੰਟ ਵੱਲੋਂ ਦੱਸਿਆ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਮਿਤੀ 23.12.2014 ਅਨੁਸਾਰ ਜਿਹੜੇ ਦਰਜਾ-4 ਕਰਮਚਾਰੀ ਦੱਸਵੀਂ ਪਾਸ ਹਨ (ਸਮੇਤ ਪੰਜਾਬੀ ਵਿਸ਼ਾ), ਕੰਮਿਪਿਊਟਰ ਤੇ ਨਿਰਧਾਰਤ ਸਪੀਡ ਤੇ ਪੰਜਾਬੀ ਅਤੇ ਅੰਗਰੇਜੀ ਦਾ ਟਾਈਪ ਟੈਸਟ ਨਿਰਧਾਰਤ ਸਪੀਡ ਤੇ ਪਾਸ ਹਨ ਅਤੇ ਜਿਨਾਂ ਦੇ ਸੇਵਾਕਾਲ ਨੂੰ 5 ਸਾਲ ਜਾਂ ਇਸ ਤੋਂ ਵੱਧ ਸਮਾਂ ਹੋ ਗਿਆ ਹੋਵੇ, ਉਹਨਾਂ ਨੂੰ ਦਰਜਾ-3 ਵਿਚ ਬਤੋਰ ਕਲਰਕ ਪਦਉਨਤ ਕੀਤਾ ਜਾ ਸਕਦਾ ਹੈ।ਉਕਤ ਹਦਾਇਤਾਂ ਅਨੁਸਾਰ ਮੋਜੂਦਾ ਸਮੇਂ ਸਿਰਫ ਸ਼੍ਰੀ ਅਮਿਤ ਕੁਮਾਰ, ਸੇਵਾਦਾਰ ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ ਹੈ ਅਤੇ ਪੰਜਾਬੀ ਅਤੇ ਅੰਗਰੇਜੀ ਦਾ ਟਾਈਪ ਟੈਸਟ ਪਾਸ ਹੈ, ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਜਾਂ ਚੋਕਸੀ ਜਾਂਚ ਲੰਬਿਤ ਨਹੀ ਹੈ। ਇਸ ਤੋਂ ਇਲਾਵਾ ਇਸਦਾ ਸੇਵਾਕਾਲ ਨੂੰ 5 ਸਾਲਾਂ ਤੋਂ ਵੱਧ ਹੋ ਗਿਆ ਹੈ:-

ਲੜੀ ਨੰ:	ਕਰਮਚਾਰੀ ਦਾ ਨਾਮ	ਅਹੁਦਾ	ਨਿਯੁਕਤੀ ਦੀ ਮਿਤੀ	ਪਿਛਲੇ 5 ਸਾਲਾਂ ਦੀਆਂ ਗੁਪਤ ਰਿਪੋਰਟਾਂ	ਵਿਭਾਗੀ/ ਚੋਕਸੀ ਜਾਂਚ ਜਾਂਚ	ਕੈਟਾਗਰੀ	ਰੋਸਟਰ ਨੁਕਤਾ ਨੰ:
1	ਸ਼੍ਰੀ ਅਮਿਤ ਕੁਮਾਰ	ਸੇਵਾਦਾਰ	16.09.2015	ਸਾਲ 2015-16 ਤੋਂ 2020-21 ਤੱਕ ਦੀਆਂ ਗੁਪਤ ਰਿਪੋਰਟਾਂ ਮਿਸਲ ਵਿਚ ਨੱਥੀ ਹਨ।	ਕੋਈ ਨਹੀ	ਐਸ.ਸੀ.	11

ਸਬ-ਕਮੇਟੀ ਵੱਲੋਂ ਉਪਰੋਕਤ ਕਰਮਚਾਰੀ ਦੀ ਮਿਸਲ ਅਤੇ ਰੋਸਟਰ ਘੋਖਣ ਉਪਰੰਤ ਇਸ ਨੂੰ ਦਰਜਾ-4 ਤੋਂ ਦਰਜਾ-3 ਵਿਚ ਬਤੋਰ ਕਲਰਕ ਦੀ ਪਦਉਨਤੀ ਹਿਤ ਯੋਗ ਪਾਇਆ ਗਿਆ।ਇਸ ਲਈ ਸਬ-ਕਮੇਟੀ ਵੱਲੋਂ ਫੈਸਲਾ ਲਿਆ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਮਿਤੀ 23.12.2014 ਅਨੁਸਾਰ ਉਕਤ ਕਰਮਚਾਰੀ ਸ਼੍ਰੀ ਅਮਿਤ ਕੁਮਾਰ, ਸੇਵਾਦਾਰ ਦਰਜਾ-4 (ਗਰੁੱਪ-ਡੀ) ਕਰਮਚਾਰੀਆਂ ਨੂੰ ਦਰਜਾ-3 ਵਿਚ ਬਤੋਰ ਕਲਰਕ ਪਦਉਨਤ ਕਰਨ ਦੀ ਸਿਫਾਰਸ਼ ਇਸ ਸ਼ਰਤ ਤੇ ਕੀਤੀ ਜਾਂਦੀ ਹੈ ਕਿ ਇਹਨਾਂ ਕਰਮਚਾਰੀਆਂ ਦਾ ਪਰਖਕਾਲ ਸਮਾਂ ਤਾਂ ਹੀ ਪਾਰ ਕੀਤਾ ਜਾਵੇਗਾ, ਜੇਕਰ ਇਹ ਕਰਮਚਾਰੀ ਪਦਉਨਤੀ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ-ਅੰਦਰ ਪਰਸਨਲ ਕਮਿਪਿਊਟਰ ਦੇ ਇਸਤੇਮਾਲ ਦੇ ਤਜਰਬੇ ਦਾ ਘੱਟੋ-ਘੱਟ 120 ਘੰਟਿਆਂ ਦਾ ਕੋਰਸ ਪੂਰਾ ਕਰ ਲੈਂਦਾ ਹੈ।

ਸਹੀ/- ਗੁਰਵਿੰਦਰ ਰੰਧਾਵਾ	ਸਹੀ/- ਰਾਹੁਲ ਧਵਨ	ਸਹੀ/- ਸੰਦੀਪ ਕੁਮਾਰ
ਸੰਯੁਕਤ ਕਮਿਸ਼ਨਰ	ਨਿਗਰਾਨ ਇੰਜੀਨੀਅਰ (ਬੀ.ਐਂਡ ਆਰ)	ਉਪ-ਸੰਚਾਲਕ (ਵਿੱਤ ਅਤੇ ਲੇਖਾ)
ਸਹੀ/-ਮਨਜਤਿੰਦਰ ਸਿੰਘ ਜੋਹਲ	ਸਹੀ/-ਡਾ:ਸ਼੍ਰੀਕ੍ਰਿਸ਼ਨ	ਸਹੀ/- ਹਰਜੋਤ ਸਿੰਘ
ਕਾਰਜਕਾਰੀ ਇੰਜੀਨੀਅਰ, ਲਾਈਟ	ਸਹਾਇਕ ਸਿਹਤ ਅਫਸਰ	ਸੁਪਰਡੰਟ, ਲੀਗਲ ਸ਼ਾਖਾ

ਕਮਿਸ਼ਨਰ ਜੀ ਨੇ ਮਿਤੀ 15.6.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.6.2021 ਰਾਹੀਂ ਸਬ-ਕਮੇਟੀ ਦੀ ਕਾਰਵਾਈ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਸਬ-ਕਮੇਟੀ ਦੀ ਕਾਰਵਾਈ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 36

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਫਿਟਰਾਂ ਨੂੰ ਬਤੋਰ ਫੋਰਮੈਨ ਪਦਉਨਤ ਕਰਨ ਸੰਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 03.06.2021 ਦੀ ਕਾਰਵਾਈ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਸਬ-ਕਮੇਟੀ ਦੀ ਮੀਟਿੰਗ ਮਿਤੀ 10.02.2021 ਨੂੰ ਮਾਨਯੋਗ ਸੰਯੁਕਤ ਕਮਿਸ਼ਨਰ (ਆਰ.) ਜੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਰਾਹੁਲ ਧਵਨ, ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) (ਮੈਂਬਰ)
2. ਸ਼੍ਰੀ ਮਨਜਤਿੰਦਰ ਸਿੰਘ ਜੋਹਲ, ਕਾਰਜਕਾਰੀ ਇੰਜੀਨੀਅਰ (ਲਾਈਟ) (ਮੈਂਬਰ)
3. ਸ਼੍ਰੀ ਸੰਦੀਪ ਕੁਮਾਰ, ਉਪ-ਸੰਚਾਲਕ (ਵਿੱਤ ਅਤੇ ਲੇਖਾ) (ਮੈਂਬਰ)
4. ਡਾ: ਸ਼੍ਰੀਕ੍ਰਿਸ਼ਨ, ਸਹਾਇਕ ਸਿਹਤ ਅਫਸਰ (ਮੈਂਬਰ)
5. ਸ਼੍ਰੀ ਹਰਜੋਤ ਸਿੰਘ (ਸੁਪਰਡੰਟ ਲੀਗਲ ਸ਼ਾਖਾ) (ਮੈਂਬਰ)

ਉਪਰੋਕਤ ਦੇ ਸੰਬੰਧ ਵਿਚ ਨਗਰ ਨਿਗਮ, ਜਲੰਧਰ ਦੇ ਬਜਟ ਅਨੁਸਾਰ ਵਾਟਰ ਸਪਲਾਈ ਸ਼ਾਖਾ-2 ਵਿਚ ਫੋਰਮੈਨ ਦੀਆਂ 4 ਅਸਾਮੀ ਪ੍ਰਵਾਨਤ ਹੈ, ਇਹਨਾਂ ਅਸਾਮੀਆਂ ਵਿੱਚੋਂ 2 ਅਸਾਮੀਆਂ ਭਰੀਆਂ ਹਨ।

ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਫਿਟਰਾਂ ਦੀ ਸੀਨੀਆਰਤਾ ਸੂਚੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਇਸ ਸੀਨੀਆਰਤਾ ਸੂਚੀ ਵਿਚ ਸ਼੍ਰੀ ਅਸ਼ੋਕ ਕੁਮਾਰ, ਫਿਟਰ ਅਤੇ ਸ਼੍ਰੀ ਨਰਿੰਦਰ ਕੁਮਾਰ, ਫਿਟਰ ਸਬ ਤੋਂ ਸੀਨੀਅਰ ਹੈ। ਇਹਨਾਂ ਦੋਵੇਂ ਕਰਮਚਾਰੀਆਂ ਦੀ ਸੇਵਾ-ਪੱਤਰੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਮੌਜੂਦਾ ਸਮੇਂ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ/ ਵਿਜੀਲੈਂਸ ਕੇਸ ਲੰਬਿਤ ਨਹੀ ਹੈ ਅਤੇ ਕਾਰਪੋਰੇਸ਼ਨ ਇੰਜੀਨੀਅਰ (ਓ.ਐਂਡ ਐਮ.) ਦੀ ਰਿਪੋਰਟ ਮਿਤੀ 14.12.2020 ਅਨੁਸਾਰ ਇਸਦਾ ਕੰਮ-ਕਾਜ਼ ਅਤੇ ਵਤੀਰਾ ਤਸੱਲੀਬਖਸ਼ ਹੈ।

ਲੜੀ ਨੰ:	ਨਾਮ	ਵਿਦਿਅਕ ਯੋਗਤਾ	ਪਿਛਲੇ 5 ਸਾਲਾਂ ਦੀਆਂ ਗੁਪਤ ਰਿਪੋਰਟਾਂ	ਵਿਭਾਗੀ/ ਚਕਸੀ ਜਾਂਚ ਸੰਬੰਧੀ ਰਿਪੋਰਟ
1	ਸ਼੍ਰੀ ਨਰਿੰਦਰ ਕੁਮਾਰ	10+2 ਅਤੇ ਆਈ. ਟੀ. ਆਈ. ਇਨ ਫਿਟਰ ਟਰੇਡ	ਮਿਸਲ ਵਿਚ ਨੱਥੀ ਹਨ	ਕੋਈ ਜਾਂਚ ਲੰਬਿਤ ਨਹੀ ਹੈ।
2	ਸ਼੍ਰੀ ਅਸ਼ੋਕ ਕੁਮਾਰ	ਦੱਸਵੀਂ ਅਤੇ ਆਈ.ਟੀ. ਆਈ. ਇਨ ਪਲੰਬਰ ਟਰੇਡ	ਮਿਸਲ ਵਿਚ ਨੱਥੀ ਹਨ	ਕੋਈ ਜਾਂਚ ਲੰਬਿਤ ਨਹੀ ਹੈ।

ਇਹਨਾਂ ਕਰਮਚਾਰੀਆਂ ਦੀਆਂ ਸਾਲ 2012-13 ਤੋਂ ਸਾਲ 2020-21 ਤੱਕ ਦੀਆਂ ਗੁਪਤ ਰਿਪੋਰਟਾਂ ਵਿਚ ਕੋਈ ਮਾੜਾ ਅੰਦਰਾਜ਼ ਨਹੀ ਹੈ । ਫੋਰਮੈਨ ਦੀ ਅਸਾਮੀ ਨਾਨ ਪ੍ਰਾਂਤੀਕਰਨ ਕੇਡਰ ਨਾਲ ਸੰਬੰਧ ਰੱਖਦੀ ਹੈ ਅਤੇ ਇਸ ਅਸਾਮੀ ਤੇ ਪਦਉਨਤੀ ਕਰਨ ਦਾ ਅਧਿਕਾਰ ਨਗਰ ਨਿਗਮ, ਜਲੰਧਰ ਪਾਸ ਹੀ ਹੈ।ਇਸ ਤੋਂ ਪਹਿਲਾਂ ਵੀ ਸ਼੍ਰੀ ਧਰਮਪਾਲ, ਫਿਟਰ, ਸ਼੍ਰੀ ਦਮਨ ਭਾਰਦਵਾਜ, ਫਿਟਰ ਅਤੇ ਸ਼੍ਰੀ ਰਮੇਸ਼ ਕੁਮਾਰ ਫਿਟਰ ਨੂੰ ਤਜ਼ਰਬੇ ਅਤੇ ਸੀਨੀਆਰਤਾ ਦੇ ਅਦਾਰ ਤੇ ਬਤੋਰ ਫੋਰਮੈਨ ਪਦਉਨਤ ਗਿਆ ਸੀ । ਇਸ ਲਈ ਵਿਚਾਰ ਵਟਾਂਦਰਾ ਕਰਨ ਉਪਰੰਤ ਸਬ ਕਮੇਟੀ ਵੱਲੋਂ ਸ਼੍ਰੀ ਨਰਿੰਦਰ ਕੁਮਾਰ, ਫਿਟਰ ਅਤੇ ਸ਼੍ਰੀ ਅਸ਼ੋਕ ਕੁਮਾਰ, ਫਿਟਰ ਨੂੰ ਸੀਨੀਆਰਤਾ ਅਤੇ ਤਜ਼ਰਬੇ ਦੇ ਅਧਾਰ ਤੇ ਫੋਰਮੈਨ ਪਦਉਨਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹੀ/- ਗੁਰਵਿੰਦਰ ਰੰਧਾਵਾ	ਸਹੀ/-ਰਾਹੁਲ ਧਵਨ	ਸਹੀ/- ਸੰਦੀਪ ਕੁਮਾਰ
ਸੰਯੁਕਤ ਕਮਿਸ਼ਨਰ	ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.)	ਉਪ-ਸੰਚਾਲਕ (ਵਿੱਤ ਅਤੇ ਲੇਖਾ)
ਸਹੀ/- ਮਨਜਤਿੰਦਰ ਸਿੰਘ ਜੋਹਲ	ਸਹੀ/-ਡਾ:ਸ਼੍ਰੀਕ੍ਰਿਸ਼ਨ	ਸਹੀ/-ਹਰਜੋਤ ਸਿੰਘ
ਕਾਰਜਕਾਰੀ ਇੰਜੀਨੀਅਰ, ਲਾਈਟ	ਸਹਾਇਕ ਸਿਹਤ ਅਫਸਰ	ਸੁਪਰਡੰਟ, ਲੀਗਲ ਸ਼ਾਖਾ

ਕਮਿਸ਼ਨਰ ਜੀ ਨੇ ਮਿਤੀ 15.6.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.6.2021 ਰਾਹੀਂ ਸਬ-ਕਮੇਟੀ ਦੀ ਕਾਰਵਾਈ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਸਬ-ਕਮੇਟੀ ਦੀ ਕਾਰਵਾਈ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 37

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਰੋਡ ਬੇਲਦਾਰਾਂ ਨੂੰ ਬਤੋਰ ਵਰਕ ਸੁਪਰਵਾਈਜ਼ਰ ਪਦਉਨਤ ਕਰਨ ਸੰਬੰਧੀ ਸਬ-ਕਮੇਟੀ ਦੀ ਮੀਟਿੰਗ ਮਿਤੀ 03.06.2021 ਦੀ ਕਾਰਵਾਈ।

ਉਪਰੋਕਤ ਵਿਸ਼ੇ ਦੇ ਸੰਬੰਧ ਵਿਚ ਸਬ-ਕਮੇਟੀ ਦੀ ਮੀਟਿੰਗ ਮਿਤੀ 10.02.2021 ਨੂੰ ਮਾਨਯੋਗ ਸੰਯੁਕਤ ਕਮਿਸ਼ਨਰ (ਆਰ.) ਜੀ ਦੀ ਪ੍ਰਧਾਨਗੀ ਵਿਚ ਹੋਈ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਰਾਹੁਲ ਧਵਨ, ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) (ਮੈਂਬਰ)
2. ਸ਼੍ਰੀ ਮਨਜਤਿੰਦਰ ਸਿੰਘ ਜੋਹਲ, ਕਾਰਜਕਾਰੀ ਇੰਜੀਨੀਅਰ (ਲਾਈਟ) (ਮੈਂਬਰ)
3. ਸ਼੍ਰੀ ਸੰਦੀਪ ਕੁਮਾਰ, ਉਪ-ਸੰਚਾਲਕ (ਵਿੱਤ ਅਤੇ ਲੇਖਾ) (ਮੈਂਬਰ)
4. ਡਾ: ਸ਼੍ਰੀਕ੍ਰਿਸ਼ਨ, ਸਹਾਇਕ ਸਿਹਤ ਅਫਸਰ (ਮੈਂਬਰ)
5. ਸ਼੍ਰੀ ਹਰਜੋਤ ਸਿੰਘ (ਸੁਪਰਡੰਟ ਲੀਗਲ ਸ਼ਾਖਾ) (ਮੈਂਬਰ)

ਉਪਰੋਕਤ ਦੇ ਸੰਬੰਧ ਵਿਚ ਨਗਰ ਨਿਗਮ, ਜਲੰਧਰ ਦੇ ਬਜਟ ਅਨੁਸਾਰ ਬੀ.ਐਂਡ ਆਰ. ਸ਼ਾਖਾ ਵਿਚ ਸੁਪਰਵਾਈਜ਼ਰ ਦੀਆਂ 7 ਅਸਾਮੀ ਪ੍ਰਵਾਨਤ ਹੈ, ਇਹਨਾਂ ਅਸਾਮੀਆਂ ਵਿੱਚੋਂ 5 ਅਸਾਮੀਆਂ ਭਰੀਆਂ ਹਨ, ਜਿਹਨਾਂ ਵਿੱਚੋਂ 3 ਅਸਾਮੀਆਂ ਪਦਉਨਤੀ ਰਾਹੀਂ ਅਤੇ 2 ਅਸਾਮੀਆਂ ਸਿੱਧੀ ਭਰਤੀ ਰਾਹੀਂ ਰਾਹੀਂ ਭਰੀਆਂ ਹਨ। ਕੁੱਲ ਪ੍ਰਵਾਨਤ ਅਸਾਮੀਆਂ ਵਿੱਚੋਂ ਮੋਜੂਦਾ ਸਮੇਂ 2 ਅਸਾਮੀਆਂ ਖਾਲੀ ਹਨ। ਨਗਰ ਨਿਗਮ, ਜਲੰਧਰ ਦੇ ਮਤਾ ਨੰ:86 ਮਿਤੀ 25.02.2018 ਰਾਹੀਂ ਵਰਕ ਸੁਪਰਵਾਈਜ਼ਰ ਦੀ ਅਸਾਮੀ ਤੇ ਭਰਤੀ ਅਤੇ ਤਰੱਕੀ ਲਈ ਹੇਠ ਅਨੁਸਾਰ ਵਿਦਿਅਕ ਯੋਗਤਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ:-

ਲੜੀ ਨੰ:	ਅਸਾਮੀ ਦਾ ਨਾਮ	ਸਿੱਧੀ ਭਰਤੀ ਹਿੱਤ ਵਿੱਦਿਅਕ ਯੋਗਤਾਵਾਂ	ਪਦਉਨਤੀ ਹਿਤ ਵਿੱਦਿਅਕ ਯੋਗਤਾਵਾਂ
1	ਵਰਕ ਸੁਪਰਵਾਈਜ਼ਰ	ਬਿਨੈਕਾਰ ਘੱਟ ਤੋਂ ਘੱਟ ਬ੍ਹਾਰਵੀਂ ਪਾਸ ਹੋਵੇ ਅਤੇ ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ ਹੋਵੇ।	ਦੱਸਵੀਂ ਸਮੇਤ ਪੰਜਾਬੀ ਵਿਸ਼ਾ ਅਤੇ ਬਤੋਰ ਰੋਡ ਬੇਲਦਾਰ ਘੱਟ ਤੋਂ ਘੱਟ ਬੀ.ਐਂਡ ਆਰ. ਸ਼ਾਖਾ ਵਿਚ 8 ਸਾਲ ਦਾ ਤਜ਼ਰਬਾ

ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਰੋਡ ਬੇਲਦਾਰਾਂ ਦੀ ਸੀਨੀਆਰਤਾ ਸੂਚੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਇਸ ਸੀਨੀਆਰਤਾ ਸੂਚੀ ਵਿਚ ਲੜੀ ਨੰ:33 ਤੱਕ ਅਜਿਹਾ ਕੋਈ ਕਰਮਚਾਰੀ ਨਹੀ ਹੈ, ਜੋ ਕਿ ਦੱਸਵੀਂ ਪਾਸ ਹੋਵੇ। ਇਸ ਸੀਨੀਆਰਤਾ ਸੂਚੀ ਵਿਚ ਲੜੀ ਨੰ:34 ਤੇ ਦਰਜ ਕਰਮਚਾਰੀ ਸ਼੍ਰੀ ਅਵਤਾਰ ਚੰਦ, ਬੇਲਦਾਰ ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ ਹੈ ਅਤੇ ਰੋਡ ਬੇਲਦਾਰਾਂ ਦੀ ਸੀਨੀਆਰਤਾ ਸੂਚੀ ਅਨੁਸਾਰ ਇਹ ਕਰਮਚਾਰੀ ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ ਸਭ ਤੋਂ ਸੀਨੀਅਰ ਹੈ।ਸ਼੍ਰੀ ਅਵਤਾਰ ਚੰਦ, ਰੋਡ ਬੇਲਦਾਰ ਵੱਲੋਂ ਦਫਤਰੀ ਰਸੀਟ ਨੰ:3548 ਮਿਤੀ 03.12.2019 ਅਤੇ ਸ਼੍ਰੀ ਬਲਜਿੰਦਰ ਸਿੰਘ, ਰੋਡ ਬੇਲਦਾਰ ਵੱਲੋਂ ਰਸੀਟ ਨੰ:463 ਮਿਤੀ 26.08.2020 ਰਾਹੀਂ ਆਪਸ਼ਨ ਦਿੱਤੀ ਗਈ ਸੀ ਕਿ ਉਹ ਬਤੋਰ ਵਰਕ ਸੁਪਰਵਾਈਜ਼ਰ ਦੀ ਅਸਾਮੀ ਤੇ ਤਰੱਕੀ ਹਿੱਤ ਸਾਰੀਆਂ ਯੋਤਵਾਰਾਂ ਪੂਰੀਆਂ ਕਰਦਾ ਹੈ। ਇਸ ਲਈ ਉਸਨੂੰ ਇਸ ਅਸਾਮੀ ਤੇ ਪਦਉਨਤ ਕੀਤਾ ਜਾਵੇ। ਸ਼੍ਰੀ ਅਵਤਾਰ ਚੰਦ, ਰੋਡ ਬੇਲਦਾਰ ਦੀ ਸੇਵਾ-ਪੱਤਰੀ ਦੀ ਘੋਖ ਕੀਤੀ ਗਈ ਅਤੇ ਪਾਇਆ ਗਿਆ ਕਿ ਮੋਜੂਦਾ ਸਮੇਂ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ/ ਵਿਜੀਲੈਂਸ ਕੇਸ ਲੰਬਿਤ ਨਹੀ ਹੈ ਅਤੇ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਦੀ ਰਿਪੋਰਟ ਮਿਤੀ 23.12.2019 ਅਨੁਸਾਰ ਇਸਦਾ ਕੰਮ-ਕਾਜ਼ ਅਤੇ ਵਤੀਰਾ ਤਸੱਲੀਬਖਸ਼ ਹੈ।ਇਸੇ ਤਰ੍ਹਾਂ ਨਿਗਰਾਨ ਇੰਜੀਨੀਅਰ, ਬੀ.ਐਂਡ ਆਰ ਵੱਲੋਂ ਮਿਤੀ 10.09.2020 ਰਾਹੀਂ ਰਿਪੋਰਟ ਕੀਤੀ ਗਈ ਹੈ ਕਿ ਸ਼੍ਰੀ ਬਲਜਿੰਦਰ ਸਿੰਘ, ਰੋਡ ਬੇਲਦਾਰ ਦਾ ਕੰਮ-ਕਾਜ ਅਤੇ ਵਤੀਰਾ ਤਸੱਲੀਬਕਸ਼ ਹੈ ਅਤੇ ਇਸ ਕਰਮਚਾਰੀ ਵਿਰੁੱਧ ਕੋਈ ਵਿਭਾਗੀ ਜਾਂ ਚੋਕਸੀ ਜਾਂਚ ਲੰਬਿਤ ਨਹੀ ਹੈ।ਰੋਡ ਬੇਲਦਾਰਾਂ ਦੀ ਸੀਨੀਆਰਤਾ ਸੂਚੀ ਵਿਚ ਲੜੀ ਨੰ:35 ਤੇ ਦਰਜ਼ ਕਰਮਚਾਰੀ ਸ਼੍ਰੀ ਰਮੇਸ਼ ਲਾਲ ਦੱਸਵੀਂ ਪਾਸ ਨਹੀ ਹੈ, ਇਸ ਲਈ ਉਹ ਮੋਜੂਦਾ ਸਮੇਂ ਬਤੋਰ ਵਰਕ ਸੁਪਰਵਾਈਜ਼ਰ ਤਰੱਕੀ ਲਈ ਯੋਗ ਨਹੀ ਹੈ। ਇਸ ਸੀਨੀਆਰਤਾ ਸੂਚੀ ਵਿਚ ਲੜੀ ਨੰ:36 ਤੇ ਦਰਜ਼ ਕਰਮਚਾਰੀ ਸ਼੍ਰੀ ਬਲਜਿੰਦਰ ਸਿੰਘ ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ ਹੈ ਅਤੇ ਨਗਰ ਨਿਗਮ, ਜਲੰਧਰ ਦੇ ਮਤਾ ਨੰ:86 ਮਿਤੀ 25.06.2018 ਅਨੁਸਾਰ ਬਤੋਰ ਵਰਕ ਸੁਪਰਵਾਈਜ਼ਰ ਤਰੱਕੀ ਲਈ ਯੋਗ ਹੈ।

ਸ਼੍ਰੀ ਅਵਤਾਰ ਚੰਦ ਅਤੇ ਸ਼੍ਰੀ ਬਲਜਿੰਦਰ ਸਿੰਘ ਬਤੋਰ ਰੋਡ ਬੇਲਦਾਰ ਕੰਮ ਕਰ ਰਹੇ ਹਨ ਅਤੇ ਇਹਨਾਂ ਕਰਮਚਾਰੀਆਂ ਦਾ ਵੇਰਵਾ ਹੇਠ ਅਨੁਸਾਰ ਹੈ:-

ਲੜੀ ਨੰ:	ਸੀਨੀਅਰਤਾ ਸੂਚੀ ਵਿਚ ਲੜੀ ਨੰ:	ਨਾਮ	ਵਿਦਿਅਕ ਯੋਗਤਾਵਾਂ	ਪਿਛਲੇ 5 ਸਾਲਾਂ ਦੀਆਂ ਗੁਪਤ ਰਿਪੋਰਟਾਂ	ਵਿਭਾਗੀ ਜਾਂਚ ਸੰਬੰਧੀ ਰਿਪੋਰਟ
1	34	ਸ਼੍ਰੀ ਅਵਤਾਰ ਚੰਦ	10+2 ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ	ਸਾਲ 2016-17 ਤੋਂ ਸਾਲ 2020-21 ਤੱਕ ਦੀਆਂ ਗੁਪਤ ਰਿਪੋਰਟਾਂ ਮਿਸਲ ਵਿਚ ਨੱਥੀ ਹਨ	ਕੋਈ ਵਿਭਾਗੀ ਜਾਂ ਚੋਕਸੀ ਜਾਂਚ ਲੰਬਿਤ ਨਹੀ ਹੈ।
2	36	ਸ਼੍ਰੀ ਬਲਜਿੰਦਰ ਸਿੰਘ	10+2 ਦੱਸਵੀਂ ਸਮੇਤ ਪੰਜਾਬੀ ਵਿਸ਼ਾ ਪਾਸ	ਸਾਲ 2016-17 ਤੋਂ ਸਾਲ 2020-21 ਤੱਕ ਦੀਆਂ ਗੁਪਤ ਰਿਪੋਰਟਾਂ ਮਿਸਲ ਵਿਚ ਨੱਥੀ ਹਨ	ਕੋਈ ਵਿਭਾਗੀ ਜਾਂ ਚੋਕਸੀ ਜਾਂਚ ਲੰਬਿਤ ਨਹੀ ਹੈ।

ਵਰਕ ਸੁਪਰਵਾਈਜ਼ਰ ਦੀ ਅਸਾਮੀ ਨਾਨ ਪ੍ਰਾਂਤੀਕਰਨ ਕੇਡਰ ਨਾਲ ਸੰਬੰਧ ਰੱਖਦੀ ਹੈ ਅਤੇ ਇਸ ਅਸਾਮੀ ਦੇ ਸੇਵਾ ਨਿਯਮ ਨਗਰ ਨਿਗਮ, ਜਲੰਧਰ ਦੇ ਮਤਾ ਨੰ:86 ਮਿਤੀ 28.05.2018 ਅਨੁਸਾਰ ਇਸ ਅਸਾਮੀ ਤੇ ਤਰੱਕੀ ਅਤੇ ਭਰਤੀ ਲਈ ਵਿੱਦਿਅਕ ਯੋਗਤਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ, ਜਿਸ ਅਨੁਸਾਰ ਉਪਰੋਕਤ ਕਰਮਚਾਰੀ ਬਤੋਰ ਵਰਕ ਸੁਪਰਵਾਈਜ਼ਰ ਤਰੱਕੀ ਲਈ ਨਿਰਧਾਰਤ ਯੋਗਤਾਵਾਂ ਅਤੇ ਤਜ਼ਰਬਾ ਪੂਰਾ ਕਰਦੇ ਹਨ। ਇਸ ਲਈ ਵਿਚਾਰ ਵਟਾਂਦਰਾ ਕਰਨ ਉਪਰੰਤ ਸਬ ਕਮੇਟੀ ਵੱਲੋਂ ਸ਼੍ਰੀ ਅਵਤਾਰ ਚੰਦ, ਰੋਡ ਬੇਲਦਾਰ ਅਤੇ ਬਲਜਿੰਦਰ ਸਿੰਘ, ਰੋਡ ਬੇਲਦਾਰ ਨੂੰ ਸੀਨੀਆਰਤਾ ਅਤੇ ਤਜ਼ਰਬੇ ਦੇ ਅਧਾਰ ਤੇ ਬਤੋਰ ਵਰਕ ਸੁਪਰਵਾਈਜ਼ਰ ਪਦਉਨਤ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹੀ/-ਗੁਰਵਿੰਦਰ ਰੰਧਾਵਾ	ਸਹੀ/-ਰਾਹੁਲ ਧਵਨ	ਸਹੀ/-ਸੰਦੀਪ ਕੁਮਾਰ
ਸੰਯੁਕਤ ਕਮਿਸ਼ਨਰ	ਨਿਗਰਾਨ ਇੰਜੀਨੀਅਰ,ਬੀ.ਐਂਡ ਆਰ	ਉਪ-ਸੰਚਾਲਕ (ਵਿੱਤ ਅਤੇ ਲੇਖਾ)
ਸਹੀ/- ਮਨਜਤਿੰਦਰ ਸਿੰਘ ਜੋਹਲ	ਸਹੀ/- ਡਾ:ਸ਼੍ਰੀਕ੍ਰਿਸ਼ਨ	ਸਹੀ/-ਹਰਜੋਤ ਸਿੰਘ
ਕਾਰਜਕਾਰੀ ਇੰਜੀਨੀਅਰ, ਲਾਈਟ	ਸਹਾਇਕ ਸਿਹਤ ਅਫਸਰ	ਸੁਪਰਡੰਟ, ਲੀਗਲ ਸ਼ਾਖਾ

ਕਮਿਸ਼ਨਰ ਜੀ ਨੇ ਮਿਤੀ 15.6.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.6.2021 ਰਾਹੀਂ ਸਬ-ਕਮੇਟੀ ਦੀ ਕਾਰਵਾਈ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਸਬ-ਕਮੇਟੀ ਦੀ ਕਾਰਵਾਈ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:-38

ਵਿਸ਼ਾ:- ਨਗਰ ਨਿਗਮ, ਜਲੰਧਰ ਵਿਚ ਕੰਮ ਕਰ ਰਹੇ ਕਲਰਕਾਂ ਨੂੰ ਸੀਨੀਆਰਤਾ ਅਨੁਸਾਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਸੰਬੰਧੀ ਸਬ-ਕਮੇਟੀ ਦੀ ਮਿਤੀ 08.07.2020 ਨੂੰ ਹੋਈ ਮੀਟਿੰਗ ਦੀ ਕਾਰਵਾਈ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਕਮੇਟੀ ਦੀ ਮੀਟਿੰਗ ਮਿਤੀ 08.07.2020 ਮਾਨਯੋਗ ਸੰਯੁਕਤ ਕਮਿਸ਼ਨਰ (ਆਰ.) ਜੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਬ-ਕਮੇਟੀ ਦੇ ਹੇਠ ਲਿਖੇ ਮੈਂਬਰ ਸ਼ਾਮਿਲ ਹੋਏ:-

1. ਸ਼੍ਰੀ ਗੁਰਚੈਨ ਸਿੰਘ, ਕਾਰਪੋਰੇਸ਼ਨ ਇੰਜੀਨੀਅਰ, ਓ.ਐਂਡ.ਐਮ.(ਮੈਂਬਰ)
2. ਸ਼੍ਰੀ ਰਵਿੰਦਰ ਸਿੰਘ, ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ), (ਮੈਂਬਰ)
3. ਅਮਲਾ ਸੁਪਰਡੰਟ (ਮੈਂਬਰ ਸਕੱਤਰ)

ਮੀਟਿੰਗ ਦੀ ਸ਼ੁਰੂਆਤ ਵਿੱਚ ਜਿਹਨਾਂ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣਾ ਵਿਚਾਰ ਅਧੀਨ ਹੈ, ਉਹਨਾਂ ਦਾ ਸੇਵਾ ਰਿਕਾਰਡ ਕਮੇਟੀ ਦੇ ਸੰਨਮੁਖ ਪੇਸ਼ ਕੀਤਾ ਗਿਆ। ਕਮੇਟੀ ਵੱਲੋਂ ਉਕਤ ਰਿਕਾਰਡ ਵਾਚਿਆ ਗਿਆ ਅਤੇ ਪਾਇਆ ਗਿਆ ਕਿ ਰਿਕਾਰਡ ਅਨੁਸਾਰ ਮੋਜੂਦਾ ਸਮੇਂ ਇਹਨਾਂ ਕਰਮਚਾਰੀਆਂ ਵਿਰੁੱਧ ਕੋਈ ਵਿਭਾਗੀ ਪੜਤਾਲ ਲੰਬਿਤ ਨਹੀ ਹੈ।ਕਮੇਟੀ ਵੱਲੋਂ ਰਿਕਾਰਡ ਦੀ ਪੜਤਾਲ ਕਰਦੇ ਹੋਏ ਪਾਇਆ ਗਿਆ ਕਿ ਸੰਬੰਧਤ ਕਰਮਚਾਰੀਆਂ ਦੇ ਪਿਛਲੇ 5 ਸਾਲ ਦੀਆਂ ਗੁਪਤ ਰਿਪੋਰਟਾਂ ਵੀ ਮਿਸਲ ਵਿਚ ਨੱਥੀ ਹਨ, ਜਿਹਨਾਂ ਵਿੱਚ ਕਰਮਚਾਰੀਆਂ ਵਿਰੁੱਧ ਕੋਈ ਗਲਤ ਇੰਦਰਾਜ ਨਹੀਂ ਹੈ। ਨਗਰ ਨਿਗਮ, ਜਲੰਧਰ ਵਿਖੇ ਮਿਤੀ.01.01.2018 ਅਨੁਸਾਰ ਫਾਇਨਲ ਕੀਤੀ ਗਈ ਸੀਨੀਆਰਤਾ ਸੂਚੀ ਵਿੱਚ ਕਲਰਕਾਂ ਦੀ ਕੁੱਲ ਗਿਣਤੀ 128 ਹੈ। ਇਸ ਤਰ੍ਹਾਂ ਇਸ ਸੂਚੀ ਵਿੱਚ ਦਰਸਾਏ ਪਹਿਲੇ 64 ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਯੋਗ ਹੈ। ਇਸ ਸੂਚੀ ਵਿੱਚ ਲੜੀ ਨੰ 61 ਤੱਕ ਦੇ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦਿੱਤਾ ਜਾ ਚੁੱਕਾ ਹੈ ਅਤੇ ਹੁਣ ਲੜੀ ਨੰ:62 ਤੋਂ 64 ਤੱਕ ਨੂੰ ਕਲਰਕ ਤੋਂ ਜੂਨੀਅਰ ਸਹਾਇਕ ਲਾਭ ਦੇਣ ਦਾ ਮਾਮਲਾ ਵਿਚਾਰ ਅਧੀਨ ਹੈ।

ਸੀਨੀਆਰਤਾ ਸੂਚੀ ਵਿਚ ਦਰਜ ਲੜੀ ਨੰ:1 ਤੇ ਦਰਜ਼ ਸ਼੍ਰੀ ਦਲਬੀਰ ਸਿੰਘ ਵਿਰੁੱਧ ਮਿਤੀ 01.01.2018 ਨੂੰ ਇੱਕ ਜਾਂਚ ਪ੍ਰਗਤੀ ਅਧੀਨ ਸੀ, ਇਸ ਲਈ ਸਬ ਕਮੇਟੀ ਵੱਲੋਂ ਇਸ ਕਰਮਚਾਰੀ ਦਾ ਕੇਸ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਲਈ ਨਹੀਂ ਵਿਚਾਰਿਆ ਗਿਆ ਅਤੇ ਲੜੀ ਨੰ:58 ਦੇ ਦਰਜ਼ ਨੀਰਜ ਸਾਹੀ ਦਾ ਕੇਸ ਬਾਕੀ ਕਰਮਚਾਰੀਆਂ ਨਾਲ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦੇਣ ਹਿਤ ਭੇਜਿਆ ਗਿਆ ਸੀ, ਜੋ ਕਿ ਮਾਨਯੋਗ ਹਾਊਸ ਵੱਲੋਂ ਇਹਨਾਂ ਕਥਨਾਂ ਨਾਲ ਲੰਬਿਤ ਰੱਖ ਲਿਆ ਗਿਆ ਕਿ "ਇਸ ਕਰਮਚਾਰੀ ਵਿਰੁੱਧ ਤਹਿਬਜਾਰੀ ਫੀਸ ਰੁ:5,80,988 ਦੀ ਰਿਕਵਰੀ ਨਾ ਕਰਨ ਦੀ ਕਾਰਵਾਈ ਪ੍ਰਗਤੀ ਅਧੀਨ ਹੈ ਇਸ ਲਈ ਹਾਲ ਦੀ ਘੜੀ ਇਸਦਾ ਕੇਸ ਲੰਬਿਤ ਰੱਖ ਲਿਆ ਜਾਵੇ।"

ਇਸ ਤੋਂ ਇਲਾਵਾ ਸੀਨੀਆਰਤਾ ਸੂਚੀ ਵਿਚ ਲੜੀ ਨੰ:62 ਤੇ ਦਰਜ਼ ਸ਼੍ਰੀ ਸੰਪਨ ਮੋਦੀ ਨੂੰ ਜਾਰੀ ਚਾਰਜਸ਼ੀਟ ਦਾ ਫੈਸਲਾ ਕਰਦੇ ਹੋਏ ਸਰਕਾਰ ਵੱਲੋਂ ਆਪਣੇ ਪੱਤਰ ਨੰ:1/114/2014-2ਸਸ1/831101 ਮਿਤੀ 24.08.2016 ਰਾਹੀਂ ਇਸ ਕਰਮਚਾਰੀ ਦੀ ਇੱਕ ਸਲਾਨਾ ਤਰੱਕੀ ਭਵਿੱਖੀ ਅਸਰ ਨਾਲ ਬੰਦ ਕੀਤੀ ਗਈ ਸੀ, ਜਿਸਦਾ ਪ੍ਰਭਾਵ ਮਿਤੀ 30.11.2017 ਤੱਕ ਰਹੇਗਾ, ਇਸ ਸੰਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਕਮੇਟੀ ਵੱਲੋਂ ਫੈਸਲਾ ਲਿਆ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਰਮਚਾਰੀ ਨੂੰ ਮਿਤੀ 01.01.2018 ਤੋਂ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਦਿੱਤਾ ਜਾ ਸਕਦਾ ਹੈ।

ਉਪਰੋਕਤ ਦੇ ਸੰਬੰਧ ਵਿੱਚ ਸਬ-ਕਮੇਟੀ ਵੱਲੋ ਵਿਚਾਂਰ ਵਟਾਂਦਰਾਂ ਕਰਨ ਉਪਰੰਤ ਫੈਸਲਾ ਲਿਆ ਗਿਆ ਕਿ ਹੇਠ ਲਿਖੇ ਲੜੀ ਨੂੰ 62 ਤੋਂ 64 ਤੱਕ ਦੇ ਕਰਮਚਾਰੀਆਂ ਨੂੰ ਬਤੋਰ ਜੂਨੀਅਰ ਸਹਾਇਕ ਪਲੇਸਮੈਂਟ ਦਾ ਲਾਭ ਮਿਤੀ 01.01.2018 ਤੋਂ ਦੇਣ ਦੀ ਸਿਫਾਰਿਸ਼ ਕੀਤੀ ਗਈ ਸੀ:-

ਸੀਨੀਆਰਤਾ ਸੂਚੀ ਦਾ ਲੜੀ ਨੰ:	ਕਰਮਚਾਰੀ ਦਾ ਨਾਮ	ਕੈਟਾਗਰੀ	ਬਤੋਰ ਕਲਰਕ ਜੁਆਇਨਿੰਗ ਦੀ ਮਿਤੀ	ਜਨਮ ਮਿਤੀ	ਵਿਭਾਗੀ ਜਾਂਚ ਲੰਬਿਤ ਹੈ ਜਾਂ ਨਹੀ?	ਸਾਲ 2013-14 ਤੋਂ 2017-18 ਤੱਕ ਦੀਆਂ ਅਸਲ ਗੁਪਤ ਰਿਪੋਰਟਾਂ
62	ਸ਼੍ਰੀ ਸੰਪਨ ਮੋਦੀ	ਜਨਰਲ	27.06.2006	1.12.1985	ਨਹੀ	ਨੱਥੀ ਹਨ
63	ਸ਼੍ਰੀਮਤੀ ਅਨੀਨਾ	ਜਨਰਲ	08.05.2006	01.01.1973	ਨਹੀ	ਨੱਥੀ ਹਨ
64	ਸ਼੍ਰੀਮਤੀ ਗੋਗਾ ਰਾਣੀ	ਐਸ.ਸੀ.	17.05.2006	01.09.1974	ਨਹੀ	ਨੱਥੀ ਹਨ

ਸਹੀ/- ਗੁਰਵਿੰਦਰ ਰੰਧਾਵਾ, ਸੰਯੁਕਤ ਕਮਿਸ਼ਨਰ (ਚੇਅਰਮੈਨ)
ਸਹੀ/- ਗੁਰਚੈਨ ਸਿੰਘ, ਕਾਰਪੋਰੇਸ਼ਨ ਇੰਜੀਨੀਅਰ (ਮੈਂਬਰ)
ਸਹੀ/-ਰਵਿੰਦਰ ਸਿੰਘ, ਉਪ-ਸੰਚਾਲਕ (ਵਿੱਤ ਅਤੇ ਲੇਖਾ) (ਮੈਂਬਰ)
ਸਹੀ/- ਨਵਸੰਦੀਪ ਕੋਰ, ਸੁਪਰਡੰਟ ਅਮਲਾ (ਮੈਂਬਰ ਸਕੱਤਰ)

ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 9.4.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਉਪਰੋਕਤ ਤਜਵੀਜ ਮਾਨਯੋਗ ਮੇਅਰ ਜੀ ਵੱਲੋਂ ਆਪਣੇ ਹੁਕਮ ਮਿਤੀ 07.07.2021 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਵਿਚ ਮੰਜੂਰ ਕੀਤਾ ਗਿਆ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:–39

ਵਿਸ਼ਾ :– ਸ਼੍ਰੀ ਰਮਨਦੀਪ ਸਿੰਘ ਪੁੱਤਰ ਸ਼੍ਰੀ ਜਗਮੇਲ ਸਿੰਘ ਨੂੰ ਤਰਸ ਦੇ ਆਧਾਰ ਤੇ ਬਤੋਰ ਫਾਇਰਮੈਨ ਨਿਯੁਕਤ ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਅਮਲਾ ਸ਼ਾਖਾ ਜਿਸ ਦੀ ਸਿ਼ਫਾਰਸ਼ ਅਮਲਾ ਸੁਪਰਡੰਟ ਨੇ ਕੀਤੀ ਹੈ ਕਿ ਸ਼੍ਰੀ ਰਮਨਦੀਪ ਸਿੰਘ ਪੁੱਤਰ ਸ਼੍ਰੀ ਜਗਮੇਲ ਸਿੰਘ ਵੱਲੋ ਆਪਣੇ ਪਿਤਾ ਦੀ ਮੌਤ ਉਪਰੰਤ ਤਰਸ ਦੇ ਆਧਾਰ ਤੇ ਬਤੋਰ ਫਾਇਰਮੈਨ ਨਿਯੁਕਤੀ ਹਿੱਤ ਬੇਨਤੀ ਕੀਤੀ ਗਈ ਸੀ। ਇਸ ਸਬੰਧ ਵਿੱਚ ਨਗਰ ਨਿਗਮ, ਜਲੰਧਰ ਵਿਖੇ ਤਰਸ ਦੇ ਆਧਾਰ ਤੇ ਨਿਯੁਕਤੀ ਹਿੱਤ ਗਠਿਤ ਕੀਤੀ ਗਈ ਸਬ–ਕਮੇਟੀ ਵੱਲੋ ਇਸ ਕੇਸ ਦਾ ਫੈਸਲਾ ਕਰਨ ਹਿੱਤ ਇਹ ਕੇਸ ਸਰਕਾਰ ਨੂੰ ਭੇਜਿਆ ਗਿਆ ਸੀ। ਇਸ ਸਬੰਧ ਵਿੱਚ ਸਰਕਾਰ ਵੱਲੋ ਆਪਣੇ ਪੱਤਰ ਨੰ: ਡਸਸ–ਮਸਸ–(ਫਾਇਰ)–2020/28238 ਮਿਤੀ : 28.07.2020 ਰਾਹੀਂ ਇਸ ਨਿਯੁਕਤੀ ਸਬੰਧੀ ਮਤਾ ਪਾਸ ਕਰਵਾ ਕੇ ਤਜਵੀਜ਼ ਭੇਜਣ ਸਬੰਧੀ ਲਿਖਿਆ ਗਿਆ ਹੈ।

ਉਪਰੋਕਤ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਫਾਇਰ ਸਟੈਂਡਿੰਗ ਆਰਡਰ ਦੀ ਮੱਦ ਨੰ: 28 ਪੰਨਾਂ ਨੰ: (2 ਤੋਂ 3) ਅਨੁਸਾਰ ਬਤੋਰ ਫਾਇਰਮੈਨ ਨਿਯੁਕਤੀ ਹਿੱਤ ਹੇਠ ਲਿਖੀਆਂ ਵਿਦਿਅਕ ਯੋਗਤਾਵਾਂ ਲੋੜੀਂਦੀਆਂ ਹਨ :–

Physique for all posts for direct recruitment or promotion :-

- **(A)** Height 5'5" Minimum
- **(B)** Chest 33.5 unexpandad and 35 expansion
- **(C)** Eye sight 6/6 both eyes without glasses

Physics fitness standard :-

- **(A)** Running a distance of 100 yards with a weight of 60 kg stones in one minute.
- **(B)** Lifting the hook ladder to a vertical position from 3rd and 6th round.
- **(C)** Climbing a rope or a vertical pipe to height of 8-10 feet from the ground.

ਫਾਇਰ ਬ੍ਰਿਗੇਡ ਸ਼ਾਖਾ ਦੀ ਰਿਪੋਰਟ ਅਨੁਸਾਰ ਬਿਨੈਕਾਰ ਸ਼੍ਰੀ ਰਮਨਦੀਪ ਪੁੱਤਰ ਸ਼੍ਰੀ ਜਗਮੇਲ ਸਿੰਘ ਉਪਰੋਕਤ ਨਿਰਧਾਰਿਤ ਯੋਗਤਾਵਾਂ ਪੂਰੀਆਂ ਕਰਦਾ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋ ਆਪਣੇ ਪੱਤਰ ਨੰ: ਡਸਸ–ਟਸਸ–2014/50330–370 ਮਿਤੀ : 19.12.2014 ਪੰਨਾ ਨੰ (4) ਅਨੁਸਾਰ ਬਤੋਰ ਫਾਇਰਮੈਨ ਨਿਯੁਕਤੀ ਦੀ ਵਿਦਿਅਕ ਯੋਗਤਾਵਾਂ ਹੇਠ ਅਨੁਸਾਰ ਨਿਰਧਾਰਿਤ ਕੀਤੀਆਂ ਗਈਆਂ ਹਨ :–

Sr. No.	Required Qualifications	Candidate's Qualification
1	Should have passed 10+2 from a recognized Board/University.	Candidate is 10+2 Passed from Punjab Board.
2	Should have license of driving medium vehicle transport not less than three years.	Candidate has provided Driving License with issue date 22.08.2020
3	Should produce heavy driving license within three to five years from the date of appointment.	Need After Appointment.
4	After appointment the candidate shall undergo Fire fighting training at fire station Ludhiana, Jalandhar and Amritsar for a period of two months.	Need after Appointment.
5	Should be quite fit to undergo rigours duties of Fire Brigade.	Candidate is Fit to perform duties as per the report of Fire Brigade Branch on dated 01.01.2020.
6	Physical fitness and age as prescribed in the staining.	Candidate is Fit to perform duties as per the report of Fire Brigade Branch on dated 01.01.2020.

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਕਰਮਚਾਰੀ ਦਾ ਡਰਾਇਵਿੰਗ ਲਾਈਸੰਸ 3 ਸਾਲ ਪੁਰਾਣਾ ਨਹੀਂ ਹੈ, ਇਸ ਸਬੰਧੀ ਫਾਇਰ ਬ੍ਰਿਗੇਡ ਯੂਨੀਅਨ ਵੱਲੋ ਮੰਗ ਕੀਤੀ ਗਈ ਹੈ ਕਿ ਕਿਉਂ ਜ਼ੋ ਇਹ ਨਿਯੁਕਤੀ ਤਰਸ ਦੇ ਆਧਾਰ ਤੇ ਹੀ ਹੈ, ਇਸ ਲਈ ਇਸ ਕੇਸ ਵਿੱਚ ਬਿਨੈਕਾਰ ਸ਼੍ਰੀ ਰਮਨਦੀਪ ਨੂੰ 3 ਸਾਲ ਪੁਰਾਣੇ ਲਾਈਸੈਂਸ ਦੀ ਸ਼ਰਤ ਤੋਂ ਛੋਟ ਦਿੱਤੀ ਜਾਵੇ।

ਉਪਰੋਕਤ ਅਨੁਸਾਰ ਸ਼੍ਰੀ ਰਮਨਦੀਪ ਸਿੰਘ ਪੁੱਤਰ ਸ਼੍ਰੀ ਜਗਮੇਲ ਸਿੰਘ ਨੂੰ ਤਰਸ ਦੇ ਆਧਾਰ ਤੇ ਬਤੋਰ ਫਾਇਰਮੈਨ ਨਿਯੁਕਤ ਕਰਨ ਸਬੰਧੀ ਕੇਸ ਮਾਨਯੋਗ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ। ਸੰਯੁਕਤ ਕਮਿਸ਼ਨਰ (ਆਰ.) ਅਤੇ ਕਮਿਸ਼ਨਰ ਜੀ ਨੇ ਮਿਤੀ 22.1.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮੁੜ ਏ.ਡੀ.ਐਫ.ਓ. ਨੇ ਮਿਤੀ 12.4.2021 ਰਾਹੀਂ ਲਿਖਿਆ ਹੈ ਕਿ ਕੋਵਿਡ 2019 ਮਹਾਂਮਾਰੀ ਕਾਰਣ ਭਵਿੱਖ ਵਿਚ ਹਾਊਸ ਦੀ ਮੀਟਿੰਗ ਜਲਦੀ ਨਾ ਹੋਣ ਕਾਰਨ ਇਹ ਫਾਇਲ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਵਿਚ ਪ੍ਰਵਾਨ ਕਰਨ ਦੀ ਸਿ਼ਫਾਰਸ਼ ਕੀਤੀ ਹੈ।ਮਾਨਯੋਗ ਮੇਅਰ ਜੀ ਨੇ ਮਿਤੀ 15.4.2021 ਰਾਹੀਂ ਉਪਰੋਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:-40

ਵਿਸ਼ਾ :- ਸ਼੍ਰੀ ਹਰੀ ਪ੍ਰਸ਼ਾਦ ਪੁੱਤਰ ਸ਼੍ਰੀਰਾਮ, ਮਾਲੀ ਦੀ ਬਤੋਰ ਗਾਰਡਨ ਸੁਪਰਵਾਈਜ਼ਰ ਹੋਈ ਪਦਉੱਨਤੀ ਸਬੰਧੀ ਲਾਭ ਦੇਣ ਬਾਰੇ।

ਤਜ਼ਵੀਜ਼ ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਵਾਰਡ ਨੰ: 68 ਜਿਸ ਦੀ ਪੁਸ਼ਟੀ ਡਾ: ਜ਼ਸਲੀਨ ਕੌਰ ਸੇਠੀ, ਕੌਂਸਲਰ ਵਾਰਡ ਨੰ: 20 ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸ਼੍ਰੀ ਹਰੀ ਪ੍ਰਸ਼ਾਦ ਪੁੱਤਰ ਸ਼੍ਰੀ ਸ੍ਰੀਰਾਮ, ਮਾਲੀ ਨੂੰ ਕਮਿਸ਼ਨਰ ਨਗਰ ਨਿਗਮ, ਜਲੰਧਰ ਵੱਲੋਂ ਹੁਕਮ ਨੰ: 1230 ਮਿਤੀ : 15.04.2005 ਰਾਹੀਂ ਬਤੋਰ ਗਾਰਡਨ ਸੁਪਰਵਾਈਜ਼ਰ ਦੀ ਆਸਾਮੀ ਤੇ ਪਦਉੱਨਤ ਕੀਤਾ ਗਿਆ ਸੀ, ਪਦਉੱਨਤੀ ਉਪਰੰਤ ਇਸ ਕਰਮਚਾਰੀ ਵੱਲੋ ਮਿਤੀ : 25.04.2005 ਰਾਹੀਂ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕੀਤੀ ਗਈ ਸੀ ਪ੍ਰੰਤੂ ਕਿਉਂ ਜ਼ੋ ਇਸ ਕਰਮਚਾਰੀ ਦੀ ਪਦਉੱਨਤੀ ਉਪਰੰਤ 2 ਕਰਮਚਾਰੀਆਂ ਸ਼੍ਰੀ ਸੁਭਾਸ਼, ਮਾਲੀ ਅਤੇ ਸ਼੍ਰੀ ਸੂਰਜ ਪਾਲ, ਮਾਲੀ-ਕਮ-ਚੌਂਕੀਦਾਰ ਵੱਲੋ ਇਸ ਪਦਉੱਨਤੀ ਵਿਰੁੱਧ ਮਾਣਯੋਗ ਕੋਰਟ ਵਿੱਚ ਕੇਸ ਦਾਇਰ ਕਰ ਦਿੱਤਾ ਗਿਆ ਸੀ। ਇਸ ਲਈ ਇਸ ਕਰਮਚਾਰੀ ਨੂੰ ਬਤੋਰ ਗਾਰਡਨ ਸੁਪਰਵਾਈਜ਼ਰ ਪਦਉੱਨਤੀ ਦਾ ਤਨਖਾਹ ਸਕੇਲ ਅਤੇ ਹੋਰ ਲਾਭ ਨਹੀਂ ਦਿੱਤੇ ਗਏ।

ਪ੍ਰਸ਼ਾਸਨ ਵੱਲੋ ਪਦਉੱਨਤੀ ਉਪਰੰਤ ਤੋਂ ਹੀ ਸ਼੍ਰੀ ਹਰੀ ਪ੍ਰਸ਼ਾਦ ਪੁੱਤਰ ਸ੍ਰੀ ਸ਼੍ਰੀਰਾਮ ਪਾਸੋਂ ਬਤੋਰ ਗਾਰਡਨ ਸੁਪਰਵਾਈਜ਼ਰ ਦਾ ਕੰਮ ਲਿਆ ਜਾ ਰਿਹਾ ਹੈ। ਜਿਸ ਸਬੰਧੀ ਲੈਂਡ ਸਕੇਪ ਅਫ਼ਸਰ ਵੱਲੋ ਕਾਫੀ ਬਾਰ ਰਿਪੋਰਟ ਵੀ ਕੀਤੀ ਗਈ ਹੈ, ਜ਼ੋ ਕਿ ਦਫ਼ਤਰੀ ਰਿਕਾਰਡ ਵਿੱਚ ਉਪਲੱਬਧ ਹੈ। ਇਸ ਕਰਮਚਾਰੀ ਦੀ ਪਦਉੱਨਤੀ ਸਬੰਧੀ ਮਾਨਯੋਗ ਕੋਰਟ ਵਿੱਚ ਚੱਲ ਰਹੇ ਕੇਸ ਕਾਰਨ ਇਸ ਕਰਮਚਾਰੀ ਨੂੰ ਪਦਉੱਨਤੀ ਦੇ ਲਾਭ ਨਹੀਂ ਦਿੱਤੇ ਗਏ ਸੀ ਪ੍ਰੰਤੂ ਇਸ ਕੇਸ ਦਾਇਰ ਕਰਨ ਵਾਲੇ ਕਰਮਚਾਰੀਆਂ ਵਿੱਚੋ ਇੱਕ ਕਰਮਚਾਰੀ ਸ਼੍ਰੀ ਸੂਰਜ ਪਾਲ, ਮਾਲੀ-ਕਮ-ਚੌਂਕੀਦਾਰ ਦੀ ਸਾਲ 2012 ਵਿੱਚ ਮੌਤ ਹੋ ਗਈ ਹੈ ਅਤੇ ਸ਼੍ਰੀ ਸੁਭਾਸ਼, ਮਾਲੀ 2020 ਵਿੱਚ ਸੇਵਾਮੁਕਤ ਹੋ ਗਿਆ ਹੈ।

ਸ਼੍ਰੀ ਹਰੀ ਪ੍ਰਸ਼ਾਦ ਪੁੱਤਰ ਸ਼੍ਰੀ ਸ੍ਰੀਰਾਮ ਪਿਛਲੇ 15 ਸਾਲਾਂ ਤੋਂ ਬਤੋਰ ਗਾਰਡਨ ਸੁਪਰਵਾਈਜ਼ਰ ਕੰਮ ਕਰ ਰਿਹਾ ਹੈ ਅਤੇ ਇਹ ਕਰਮਚਾਰੀ ਬਹੁਤ ਹੀ ਮਿਹਨਤੀ ਅਤੇ ਇਮਾਨਦਾਰ ਹੈ। ਇਸ ਕਰਮਚਾਰੀ ਦੀ ਪਦਉੱਨਤੀ ਉਪਰੰਤ ਉਸਨੂੰ 15 ਸਾਲਾਂ ਤੱਕ ਤਨਖਾਹ ਸਕੇਲ ਦਾ ਲਾਭ ਨਾ ਮਿਲਣਾ ਉਸ ਨਾਲ ਬਹੁਤ ਵੱਡੀ ਬੇਇੰਨਸਾਫੀ ਹੈ। ਇਸ ਲਈ ਸ਼੍ਰੀ ਹਰੀ ਪ੍ਰਸ਼ਾਦ ਪੁੱਤਰ ਸ੍ਰੀ ਸ਼੍ਰੀਰਾਮ ਨੂੰ ਕਮਿਸ਼ਨਰ ਨਗਰ ਨਿਗਮ, ਜਲੰਧਰ ਦੇ ਹੁਕਮ ਨੰ: 1230 ਮਿਤੀ : 15.04.2005 ਦੀ ਰੋਸ਼ਨੀ ਵਿੱਚ ਇਸ ਵੱਲੋਂ ਬਤੋਰ ਗਾਰਡਨ ਸੁਪਰਵਾਈਜ਼ਰ ਜੁਆਇਨਿੰਗ ਦੀ ਮਿਤੀ ਭਾਵ 25.04.2005 ਤੋਂ ਬਤੋਰ ਗਾਰਡਨ ਸੁਪਰਵਾਈਜ਼ਰ ਦੀ ਆਸਾਮੀ ਦਾ ਤਨਖਾਹ ਸਕੇਲ ਅਤੇ ਇਸ ਸਬੰਧੀ ਸਾਰੇ ਬਣਦੇ ਲਾਭ ਦੇਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਹ ਕੇਸ ਮਾਨਯੋਗ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.2.2021 ਅਨੁਸਾਰ ਤਜ਼ਵੀਜ਼ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:-41

ਵਿਸ਼ਾ :- ਸ਼੍ਰੀ ਪਿਆਰੇ ਲਾਲ ਪੁੱਤਰ ਸ਼੍ਰੀ ਮਾਛੀਆ ਰਾਮ ਨੂੰ ਡੀ.ਸੀ.ਰੇਟ ਤੇ Appoint ਕਰਨ ਸਬੰਧੀ।

ਤਜਵੀਜ਼ ਸ਼੍ਰੀਮਤੀ ਉਮਾਂ ਬੇਰੀ, ਕੌਂਸਲਰ ਜਿਸ ਦੀ ਪੁਸ਼ਟੀ ਸ਼੍ਰੀ ਮਨਮੋਹਨ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਸ਼੍ਰੀ ਪਿਆਰੇ ਲਾਲ ਪੁੱਤਰ ਸ਼੍ਰੀ ਮਾਛੀਆ ਰਾਮ ਉਪਰ 82 ਸਾਲ, ਵਾਸੀ EQ-397, ਬਜ਼ਾਰ ਪੀਰ ਬੋਦਲਾ, ਜਲੰਧਰ ਜ਼ੋ ਕਿ ਉਰਦੂ ਦੇ ਮਾਹਿਰ ਹਨ ਅਤੇ ਉਰਦੂ ਨੂੰ ਚੰਗੀ ਤਰ੍ਹਾਂ ਲਿਖ ਅਤੇ ਪੜ੍ਹ ਸਕਦੇ ਹਨ ਅਤੇ ਇਸਦੀ ਤਸਦੀਕ ਮੋਲਾਨਾ ਮੁਹੰਮਦ ਇਦਨਾਨ ਜਮਈ ਨੇ ਕੀਤੀ ਹੈ ਜ਼ੋ ਕਿ ਇਮਾਮਨਾਸਿਰ ਜਲੰਧਰ ਵਿੱਚ ਉਰਦੂ ਦੇ ਰਜਿਸਟਰਡ ਪ੍ਰੋਫੈਸਰ ਹਨ।

ਇਸ ਲਈ ਮੇਰੀ ਇਹ ਤਜਵੀਜ਼ ਹੈ ਕਿ Birth & Death Deptt. ਵਿੱਚ ਉਰਦੂ ਟ੍ਰਾਂਸਲੇਟਰ ਦੀ ਲੋੜ ਹੈ ਅਤੇ ਸ਼੍ਰੀ ਪਿਆਰੇ ਲਾਲ ਜ਼ੋ ਕਿ ਨਗਰ ਨਿਗਮ ਜਲੰਧਰ ਤੋਂ ਰਿਟਾਇਰ ਹਨ ਇਸ ਕੰਮ ਨੂੰ ਬਾਖੂਬੀ ਕਰ ਸਕਦੇ ਹਨ। ਇਸ ਲਈ ਇਨ੍ਹਾਂ ਨੂੰ ਉਰਦੂ ਟ੍ਰਾਂਸਲੇਟ ਵਾਸਤੇ ਦਫ਼ਤਰ ਵਿੱਚ ਡੀ.ਸੀ.ਰੇਟ ਤੇ Appoint ਕੀਤਾ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 22.1.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਕਿਉਂ ਜ਼ੋ ਕਮਿਸ਼ਨਰ ਜੀ ਵਲੋਂ ਹਾਊਸ ਨੂੰ ਦੱਸਿਆ ਗਿਆ ਕਿ ਵੈਦ ਸ਼੍ਰੀ ਬੀ.ਡੀ. ਮਹਿਤਾ ਨੇ ਮਿਲ ਕੇ ਬੇਨਤੀ ਕੀਤੀ ਹੈ ਕਿ ਉਹਨਾਂ ਨੂੰ ਅਖਬਾਰ ਤੋਂ ਪਤਾ ਲੱਗਾ ਹੈ ਕਿ ਨਗਰ ਨਿਗਮ ਜਲੰਧਰ ਹਾਊਸ ਵਿਚ ਨਗਰ ਨਿਗਮ ਦੀ ਜਨਮ ਅਤੇ ਮੌਤ ਸ਼ਾਖਾ ਵਿਚ ਉਰਦੂ ਦੇ ਪੁਰਾਣੇ ਰਿਕਾਰਡ ਨੂੰ ਪੜ੍ਹਨ ਅਤੇ ਉਸ ਤੋਂ ਸਰਟੀਫਿਕੇਟ ਬਣਾਉਣ ਲਈ ਉਰਦੂ ਵਿਚ ਮਾਹਿਰ ਵਿਅਕਤੀ ਦੀ ਜਰੂਰਤ ਬਾਰੇ ਮਤਾ ਰੱਖਿਆ ਗਿਆ ਹੈ। ਇਸ ਲਈ ਉਹ ਬੇਨਤੀ ਕਰਦੇ ਹਨ ਕਿ ਉਹ ਉਰਦੂ ਠੀਕ ਤਰ੍ਹਾਂ ਨਾਲ ਲਿਖ ਪੜ੍ਹ ਸਕਦੇ ਹਨ। ਉਹ ਨਗਰ ਨਿਗਮ ਜਲੰਧਰ ਵਿਚ ਜਨਮ ਅਤੇ ਮੌਤ ਦੇ ਉਰਦੂ ਦੇ ਸਰਟੀਫਿਕੇਟ ਬਣਾਉਣ ਦੀ ਕਾਫੀ ਸਮੇਂ ਤੋਂ ਮਦਦ ਕਰਦੇ ਆ ਰਹੇ ਹਨ। ਜਨਮ ਅਤੇ ਮੌਤ ਦਾ ਪੁਰਾਣਾ ਰਿਕਾਰਡ ਸਾਲ 1962 ਤੱਕ ਉਰਦੂ ਭਾਸ਼ਾ ਵਿਚ ਹੈ ਅਤੇ ਲੋਕਾਂ ਨੂੰ ਜਨਮ ਅਤੇ ਮੌਤ ਦੇ ਸਰਟੀਫਿਕੇਟਾਂ ਦੀ ਸਮੇਂ ਸਮੇਂ ਸਿਰ ਲੋੜ ਪੈਂਦੀ ਰਹਿੰਦੀ ਹੈ। ਜੇਕਰ ਵੈਦ ਸ਼੍ਰੀ ਬੀ.ਡੀ. ਮਹਿਤਾ ਨਗਰ ਨਿਗਮ ਨੂੰ ਬਿਨਾ ਫੀਸ ਲਏ ਆਪਣੀਆਂ ਸੇਵਾਵਾਂ ਦੇਣ ਲਈ ਤਿਆਰ ਹਨ ਤਾਂ ਲੋਕਾਂ ਦੀ ਮੰਗ ਹੋਣ ਕਾਰਨ ਉਹਨਾਂ ਨੂੰ ਉਰਦੂ ਦੇ ਜਨਮ ਅਤੇ ਮੌਤ ਦੇ ਸਰਟੀਫਿਕੇਟ ਦੀ ਨਕਲ ਬਣਾਉਣ ਵਾਸਤੇ ਕਰਮਚਾਰੀਆਂ ਦੀ ਮਦਦ ਕਰਨ ਦੀ ਇਜਾਜਤ ਦਿਤੀ ਜਾਵੇ।

ਸੋ ਨਗਰ ਨਿਗਮ ਦੇ ਹਿਤ ਨੂੰ ਮੁੱਖ ਰੱਖਦੇ ਹੋਏ ਵੈਦ ਸ਼੍ਰੀ ਬੀ.ਡੀ. ਮਹਿਤਾ, ਆਰ.ਐਮ.ਪੀ., ਦੀਆਂ ਸੇਵਾਵਾਂ ਲੈਣ ਹਿਤ ਨਗਰ ਨਿਗਮ ਹਾਊਸ ਦੀ ਮੀਟਿੰਗ ਵਿਚ ਵਿਚਾਰ ਲੈਣਾ ਯੋਗ ਹੋਵੇਗਾ। ਜਿਸ ਦੀ ਹਾਊਸ ਵਲੋਂ ਪ੍ਰਵਾਨਗੀ ਦਿੱਤੀ ਗਈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ-42

ਵਿਸ਼ਾ:- ਨਗਰ ਨਿਗਮ ਜਲੰਧਰ ਵਿਚ ਕੰਮ ਕਰ ਰਹੇ ਡਰਾਈਵਰਾਂ ਨੂੰ ਐਤਵਾਰ ਦੇ ਦਿਨ ਦੀ ਛੁੱਟੀ ਅਤੇ ਜਿਹੜੇ ਡਰਾਈਵਰ ਸ਼ਨੀਵਾਰ ਨੂੰ ਕੰਮ ਕਰਦੇ ਹਨ, ਉਹਨਾਂ ਨੂੰ ਸ਼ਨੀਵਾਰ ਕੰਮ ਕਰਨ ਦੀ ਏਵਜ਼ ਵਿਚ 13 ਮਹੀਨਿਆਂ ਦੀ ਤਨਖਾਹ ਦੀ ਅਦਾਇਗੀ ਕਰਨ ਸਬੰਧੀ ।

ਹਵਾਲਾ: ਯੂਨੀਅਨ ਦੇ ਨੁਮਾਇੰਦਿਆ ਨਾਲ ਮਿਤੀ 9.6.2020 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲਿਆਂ ਤੇ ਕਾਰਵਾਈ ਕਰਨ ਬਾਰੇ ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਜਿਸ ਦੀ ਸ਼ਿਫਾਰਸ਼ ਸਿਹਤ ਅਫਸਰ ਨੇ ਕੀਤੀ ਹੈ ਕਿ ਯੂਨੀਅਨ ਦੇ ਨੁਮਾਇੰਦਿਆਂ ਨਾਲ ਮਿਤੀ 9.6.2020 ਨੂੰ ਕਮਿਸ਼ਨਰ ਜੀ ਨਾਲ ਹੋਈ ਮੀਅਿੰਗ ਵਿਚ ਲੜੀ ਨੰ: 3 ਤੇ ਫੈਸਲਾ ਲਿਆ ਗਿਆ ਸੀ ਕਿ ਸਾਰੇ ਡਰਾਈਵਰਾਂ ਨੂੰ ਐਤਵਾਰ ਦੀ ਛੁੱਟੀ ਦਿੱਤੀ ਜਾਵੇਗੀ ਅਤੇ ਸ਼ਨੀਵਾਰ ਵਾਲੇ ਦਿਨ ਕੰਮ ਕਰਨ ਦੀ ਏਵਜ ਵਿਚ ਰੂਲਾਂ ਅਨੁਸਾਰ 13 ਮਹੀਨਿਆ ਦੀ ਤਨਖਾਹ ਦਿੱਤੀ ਜਾਵੇਗੀ। ਇਸ ਸਬੰਧੀ ਹਾਊਸ ਵਿਚ ਮਤਾ ਵੀ ਪਾਸ ਕਰਵਾਇਆ ਜਾਵੇਗਾ। ਤਜਵੀਜ ਹਾਊਸ ਦੀ ਪ੍ਰਵਾਨਗੀ ਹਿਤ ਪੇਸ਼ ਹੈ। ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 3.2.2021 ਅਤੇ ਕਮਿਸ਼ਨਰ ਜੀ ਨੇ ਮਿਤੀ 3.3.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 8.3.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ: 43

ਵਿਸ਼ਾ:- ਨਗਰ ਨਿਗਮ ਜਲੰਧਰ ਵਿੱਚ ਆਉਟ ਸੋਰਸ ਰਾਹੀਂ ਕੰਮ ਕਰ ਰਹੇ ਫਿਟਰ ਕੁੱਲੀ/ ਮੈਸਨਾਂ ਨੂੰ ਪੱਕਾ ਕਰਨ ਸਬੰਧੀ।

ਪੜ੍ਹਿਆ ਨੋਟ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਮਿਤੀ 16.3.2021 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਨਗਰ ਨਿਗਮ ਜਲੰਧਰ ਦੀ ਵਾਟਰ ਸਪਲਾਈ ਸ਼ਾਖਾ ਵਿੱਚ ਕੰਮ ਕਰ ਰਹੇ 64 ਫਿਟਰ ਕੁੱਲੀਆਂ ਨੂੰ ਰੈਗੁਲਰ ਕਰਨ ਲਈ ਸ਼੍ਰੀ ਪਰਗਟ ਸਿੰਘ, ਵਿਧਾਇਕ (ਜਲੰਧਰ ਕੈਂਟ), ਸ਼੍ਰੀ ਰਾਜਿੰਦਰ ਬੇਰੀ, ਵਿਧਾਇਕ (ਸੈਂਟਰਲ ਹਲਕਾ), ਸ਼੍ਰੀ ਅਵਤਾਰ ਸਿੰਘ ਜੂਨੀਅਰ, ਵਿਧਾਇਕ (ਨਾਰਥ ਹਲਕਾ) ਅਤੇ ਸ਼੍ਰੀ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ (ਵੈਸਟ ਹਲਕਾ) ਜੀ ਅਤੇ ਵੱਖ-ਵੱਖ ਵਾਰਡਾਂ ਦੇ ਕੌਂਸਲਰ ਸਾਹਿਬਾਨ ਵੱਲੋਂ ਸਿਫਾਰਸ਼ ਕੀਤੀ ਗਈ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਵਿਚਾਰਨ ਉਪਰੰਤ ਮਤਾ ਨੰਬਰ 111 ਮਿਤੀ 29-11-2019 ਰਾਹੀਂ ਇਹ ਮੱਦ ਲੰਬਿਤ ਰਖੀ ਗਈ ਸੀ। ਇਸ ਉਪਰੰਤ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵਲੋਂ ਆਪਣੇ ਨੋਟ ਮਿਤੀ 04-03-2020 ਰਾਹੀਂ ਇਹ ਤਜਵੀਜ ਦੋਬਾਰਾ ਨਗਰ ਨਿਗਮ ਹਾਊਸ ਵਿੱਚ ਵਿਚਾਰਨ/ ਫੈਸਲੇ ਹਿੱਤ ਰੱਖਣ ਵਾਸਤੇ ਮਾਨਯੋਗ ਕਮਿਸ਼ਨਰ ਜੀ ਨੂੰ ਸਿਫਾਰਸ਼ ਕੀਤੀ ਗਈ। ਮਾਨਯੋਗ ਕਮਿਸ਼ਨਰ ਸਾਹਿਬ ਜੀ ਵਲੋਂ ਹਸਤਾਖਰ ਮਿਤੀ 06-03-2020 ਰਾਹੀਂ ਲਿਖਿਆ ਗਿਆ ਸੀ ਕਿ ਇਸ ਤਜਵੀਜ ਸਬੰਧੀ Financial Liability ਤਸਦੀਕ ਕਰਕੇ ਦੋਬਾਰਾ ਮਿਸਲ ਨਗਰ ਨਿਗਮ ਹਾਊਸ ਨੂੰ ਭੇਜੀ ਜਾਵੇ।

ਇਸ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਵਾਟਰ ਸਪਲਾਈ/ ਓ.ਐਂਡ.ਐਮ ਸ਼ਾਖਾ ਵਲੋਂ ਸ਼ਹਿਰ ਵਿੱਚ ਵਾਟਰ ਸਪਲਾਈ ਲਾਈਨਾਂ ਦੀ ਰਿਪੇਅਰ, ਗੰਦੇ ਪਾਣੀ ਦੀ ਲੀਕੇਜ਼ ਸਬੰਧੀ ਸਮਸਿਆ ਨੂੰ ਦੂਰ ਕਰਨ ਅਤੇ ਫਾਇਰ ਹਾਈਡਰੈਂਟ ਦੀਆਂ ਬਣੀਆਂ ਹੋਈਆਂ ਹੋਦੀਆਂ ਆਦਿ ਦੀ ਰਿਪੇਅਰ ਦੇ ਜਰੂਰੀ ਕੰਮ ਕਰਨ ਵਾਸਤੇ 58 ਫਿਟਰ ਕੁੱਲੀ/ ਹੈਲਪਰ (ਅਨਸਕਿਲਡ) ਅਤੇ 6 ਮੈਸਨ (ਸਕਿਲਡ) ਆਊਟ ਸੋਰਸ ਰਾਹੀਂ ਠੇਕੇ ਦੇ ਅਧਾਰ ਤੇ ਰਖੇ ਹੋਏ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Sr. No.	Name of Employee	Father Name	Designation	DOB	Qualification	M. No.
1	Sukhwinder Singh	Ajit Singh	Mason	15-06-1981	12th	94657-57781
2	Harmesh Kumar	Prem Kumar	Fitter Coolie	30-04-1985	8th	89688-43226
3	Raman Sethi	Rajesh Sethi	Fitter Coolie	15-08-1991	12th	99157-41653
4	Rajesh Bhandari	Ganesh Bhandari	Fitter Coolie	25-05-1985	9th	98883-68899
5	Bakshi Ram	Siya Ram	Fitter Coolie	15-02-1974	5th	8528-579719
6	Rakesh Bhandari	Ganesh Bhandari	Fitter Coolie	25-12-1986	9th	78886-45478
7	Mahaveer Sharma	Jokhu Sharma	Fitter Coolie	18-07-1986	8th	7696423174
8	Karan Sharma	Balram Kumar	Fitter Coolie	26-07-1997	5th	78888-02079
9	Sunil Kumar	Thakur Dass	Mason	01-01-1979	5th	88725-14032
10	Akash	Amarjit	Fitter Coolie	09-09-1992	8th	8968-263792
11	Gurpreet Singh	Tarlochan Singh	Fitter Coolie	10-07-1988	10th	75082-21550
12	Jagjit Singh	Joginder Singh	Fitter Coolie	24-03-1991	5th	99158-11156
13	Vir Parkash	Shiv Nandan	Fitter Coolie	19-01-1990	12th	88721-72120
14	Ajay Kumar	Daulat Ram	Fitter Coolie	08-08-1982	12th	62803-20358
15	Gurdeep Pal	Charanjit	Fitter Coolie	04-03-1997	10th	90564-62619
16	Mohit	Chander Mohan	Fitter Coolie	25-08-1995	12th	85285-61582
17	Paramjit Singh	Lakhbir Singh	Mason	28-08-1973	12th	94634-82684
18	Sarwan Mandal	Sikandar Mohan	Fitter Coolie	19-10-1974	7th	99884-47993
19	Manpreet	Paramjit	Fitter Coolie	25-08-1993	12th	98786-52918
20	Rakesh Kumar	Surinder Pal	Fitter Coolie	05-12-1986	10th	99887-19393
21	Lucky	Lal Chand	Fitter Coolie	07-06-1983	12th	98031-87640
22	Mahesh	Bhola	Fitter Coolie	13-10-1987	Nil	97807-86691
23	Ravi Kumar	Major Singh	Fitter Coolie	23-01-1989	Nil	97819-25567
24	Surinder Kumar	Munshi lal	Fitter Coolie	07-08-1976	9th	97800-51523
25	Mani	Yash Pal	Fitter Coolie	09-09-1996	8th	62846-20519
26	Sanjeev Bhardwaj	Yash Pal Bhardwaj	Fitter Coolie	08-07-1993	12th	99145-27582
27	Lekh Pal Singh	Ram Sumer Singh	Fitter Coolie	01-01-1963	5th	97800-36698
28	Ajay	Changa Ram	Mason	28-02-1989	Nil	94636-47558
29	Rajiv Kumar	Fakir Chand	Fitter Coolie	20-11-1990	12th	78148-60302
30	Ashwani Kumar	Banarasi Dass	Fitter Coolie	08-05-1978	5th	98761-03693
31	Raju	Amar Pal	Fitter Coolie	01-01-1977	Nil	86992-21901
32	Harvinder Kumar	Charan Das	Fitter Coolie	11-09-1981	8th	98887-77369

33	Nand Lal	Ram Nath	Fitter Coolie	10-01-1985	Nil	97799-94682
34	Jasbir Kumar	Ramesh Kumar	Fitter Coolie	25-10-1986	5th	628307-6065
35	Sunny	Surinder Pal	Fitter Coolie	02-03-1989	5th	941727-4665
36	Sahil	Mukesh Kumar	Fitter Coolie	06-04-1984	5th	88725 61952
37	Sandeep Kumar	Hari Ram	Fitter Coolie	03-02-1989	7th	
38	Surinder Pal	Sadhu Ram	Mason	14-01-1970	5th	98725 72588
39	Pawan Kumar	Kamaljit	Fitter Coolie	02-02-1985	5th	98151-56308
40	Ravi Kumar	Subbiaya	Fitter Coolie	28-12-1974	7th	99888 37867
41	Vishal	Naresh Kumar	Fitter Coolie	21-08-1995	5th	75085-56799
42	Kamal	Gore Lal	Fitter Coolie	25-05-1991	5th	70877 58986
43	Razwan	Gani	Fitter Coolie	24-10-1977	8th	98886-66875
44	Kuldeep Kumar	Balwinder Singh	Fitter Coolie	07-01-1985	8th	94786 12850
45	Sunny	Jeet	Fitter Coolie	04-03-1984	5th	98158-65226
46	Ravi Pal	Bakshi Ram	Fitter Coolie	15-01-1986	8th	98554-84849
47	Rakesh Kumar	Chuni Lal	Fitter Coolie	08-08-1982	12th	700935-1471
48	Jatinder Kumar	Yash Pal	Mason	21-10-1988	10th	99884-29268
49	Pawan Kumar	Chaman Lal	Fitter Coolie	03-04-1980	8th	98880-80937
50	Kamal Singh	Bihari Lal	Fitter Coolie	04-12-1974	7th	94645-10586
51	Sapan Dass	Samual Dass	Fitter Coolie	13-06-1984	12th	76968-67615
52	Mudit Sharma	Anil Sharma	Fitter Coolie	02-06-1988	B.A.	90419-46667
53	Surinder Kumar	Hari Ram	Fitter Coolie	04-07-1986	12th ITI	98881-70819
54	Pawan Kumar	Sat Pal	Fitter Coolie	27-09-1987	5th	98881-50671
55	Mohan Lal	Gian Chand	Fitter Coolie	15-05-1975	5th	97290 05839
56	Manpreet Singh	Narinder Pal Singh	Fitter Coolie	21-12-1991	10th	98150-50796
57	Rajesh Kumar	Fakir Chand	Fitter Coolie	08-12-1987	7th	98760-85917
58	Albert	David	Mason	16-03-1973	Nil	Nil
59	Rupinder Singh	Jagir Singh	Fitter Coolie	10-12-1991	5th	90419 27051
60	Gourish	Pawan Kumar Sharma	Fitter Coolie	23-11-1994	12th	98157-25612
61	Vinod Kumar	Balwinder Kumar	Fitter Coolie	10-02-1990	12th	84377-86187
62	Rajinder Kumar	Barkat Ram	Fitter Coolie	30-01-1976	8th	98729-94097
63	Rajdeep	Dinesh Kumar	Fitter Coolie	18-03-1991	12th	90419-38829
64	Surjeet Pal	Piara Lal	Fitter Coolie	07-05-1978	5th	

ਇਹ ਕਰਮਚਾਰੀ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ ਸਮੇਂ-ਸਮੇਂ ਤੇ ਜਾਰੀ ਨੋਟੀਫਿਕੇਸ਼ਨਾਂ ਅਨੁਸਾਰ ਪਿਛਲੇ 7-8 ਸਾਲਾਂ ਤੋਂ ਲਗਾਤਾਰ ਆਪਣੀਆਂ ਸੇਵਾਵਾਂ ਨਗਰ ਨਿਗਮ ਜਲੰਧਰ ਨੂੰ ਦੇ ਰਹੇ ਹਨ ਅਤੇ ਆਪਣੇ-ਆਪਣੇ ਵਾਰਡ ਅਧੀਨ ਪੈਂਦੇ ਵੱਖ-ਵੱਖ ਇਲਾਕਿਆਂ ਵਿੱਚ ਵਾਟਰ ਸਪਲਾਈ ਨਾਲ ਸਬੰਧਤ ਕੰਮਾਂ ਬਾਰੇ ਪੂਰੀ ਜਾਣਕਾਰੀ/ ਤਜੁਰਬਾ ਰੱਖਦੇ ਹਨ। ਇਹਨਾ 58 ਫਿਟਰ ਕੁਲੀਆਂ ਅਤੇ 6 ਮੈਸਨਾਂ ਦਾ ਸਲਾਨਾ ਖਰਚਾ ਨਗਰ ਨਿਗਮ ਦੇ ਬੱਜਟ ਵਿੱਚ ਵੀ ਪਾਇਆ ਗਿਆ ਹੈ ਜ਼ੋ ਕਿ ਲਗਭਾਗ ਰੁਪਏ 1.00 ਕਰੋੜ ਬਣਦਾ ਹੈ।

ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਜਲੰਧਰ ਸ਼ਹਿਰ ਵਿੱਚ 60 ਤੋਂ 80 ਵਾਰਡ ਹੋ ਗਏ ਹਨ ਅਤੇ ਇਸ ਤੋਂ ਇਲਾਵਾ ਜਲੰਧਰ ਕੈਂਟ ਦੇ 11 ਪਿੰਡ ਵੀ ਨਗਰ ਨਿਗਮ ਦੀ ਹੱਦ ਅੰਦਰ ਆਉਣ ਨਾਲ ਵਾਟਰ ਸਪਲਾਈ ਨਾਲ ਸਬੰਧਤ ਐਮਰਜੇਂਸੀ ਕੰਮ ਜਿਵੇਂ ਕਿ ਵੱਖ-ਵੱਖ ਸਾਇਜ ਦੀਆਂ ਵਾਟਰ ਸਪਲਾਈ ਦੀਆਂ ਲਾਈਨਾਂ ਦੀ ਰਿਪੇਅਰ, ਗੰਦੇ ਪਾਣੀ ਦੀ ਲੀਕੇਜ ਸਬੰਧੀ ਸ਼ਿਕਾਇਤਾ ਅਤੇ ਫਾਇਰ ਹਾਈਡਰੈਂਟ ਦੀਆਂ ਬਣੀਆਂ ਹੋਈਆਂ ਹੋਦੀਆਂ ਦੀ ਰਿਪੇਅਰ ਆਦਿ ਦੇ ਕੰਮਾਂ ਵਿੱਚ ਵੀ ਕਾਫੀ ਵਾਧਾ ਹੋ ਰਿਹਾ ਹੈ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਸਮਸਿਆਵਾਂ ਦਾ ਨਿਪਟਾਰਾ ਜਲਦੀ ਤੋਂ ਜਲਦੀ ਕਰਨਾ ਪੈਂਦਾ ਹੈ ਪਰੰਤੂ ਰੈਗੁਲਰ ਸਟਾਫ ਦੀ ਘਾਟ ਹੋਣ ਕਾਰਨ ਇਨ੍ਹਾਂ ਐਮਰਜੇਂਸੀ ਕੰਮਾਂ ਨੂੰ ਕਰਵਾਉਣ ਵਿੱਚ ਵਿਭਾਗ ਨੂੰ ਕਾਫੀ ਦਿਕਤ ਪੇਸ਼ ਆ ਰਹੀ ਹੈ। ਇਸ ਤੋਂ ਇਲਾਵਾ ਨਗਰ ਨਿਗਮ ਵਿੱਚ ਹਰ ਸਾਲ ਵਾਟਰ ਸਪਲਾਈ ਦੀਆਂ ਨਵੀਆਂ ਲਾਈਨਾਂ ਪਾਉਣ ਦਾ ਕੰਮ ਹੋਣ ਨਾਲ ਸ਼ਹਿਰ ਵਿੱਚ ਵਾਟਰ ਸਪਲਾਈ ਲਾਈਨਾਂ ਦੀ ਕੁੱਲ ਲੰਬਾਈ 1027 ਕਿਲੋਮੀਟਰ ਤੋਂ ਜਿਆਦਾ ਹੋ ਗਈ ਹੈ ਅਤੇ ਪੰਜਾਬ ਸਰਕਾਰ ਦੀ AMRUT Scheme ਅਧੀਨ ਵੀ ਕੁੱਝ ਇਲਾਕਿਆਂ ਵਿੱਚ ਵਾਟਰ ਸਪਲਾਈ ਦੀ ਲਾਈਨਾਂ ਪਾਉਣ ਦਾ ਕੰਮ ਕਰਵਾਇਆ ਜਾ ਰਿਹਾ ਹੈ, ਜਿਸ ਦੇ ਰੱਖ ਰੱਖਾਵ ਲਈ ਰੈਗੁਲਰ ਸਟਾਫ ਲੋੜੀਂਦਾ ਹੈ।

ਪ੍ਰਮੁੱਖ ਸਕੱਤਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਿਪਾਰਟਮੇਂਟ ਪੰਜਾਬ ਸਰਕਾਰ ਦੇ ਪੱਤਰ ਨੰ: **ATBP/73/DWSS dt 09.09.2014** ਰਾਹੀਂ ਜਾਰੀ ਨਾਰਮਜ਼ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–

Clause 1.4 Fitter, Helper Fitter (Fitter Coolie cum Keyman)

- **For Distribution of Water Supply-1 Fitter and 2 No Helper (Fitter Coolie-cum-Keyman) for every 30 km pipeline**

Sr. No	Post	Required Staff as per norms	Total Required Staff as per norms	At present total working staff	Total Staff More Required
1	Fitter	01 Fitter Required every 30 KM Pipe Line	1027 KMx1/30 = 34 Nos.	17 Nos.	17 Nos.
2	Fitter Coolie	02 Fitter Coolie Required every 30 KM Pipe Line	1027 KMx2/30 = 68 Nos.	25 Nos.	43 Nos.
For leave arrangement			11 Nos.	-	11 Nos.
Total			123 Nos.	42 Nos.	71 Nos.

ਓ.ਐਂਡ.ਐਮ ਸ਼ਾਖਾ ਵਿੱਚ ਫਿਟਰਕੂਲੀ ਅਤੇ ਮੈਸਨਾਂ ਦੀਆਂ ਅਸਾਮੀਆਂ ਅਤੇ ਇਨ੍ਹਾਂ ਤੇ ਆਉਣ ਵਾਲਾ ਸਾਲਾਨਾਂ ਖਰਚੇ (ਆਉਟ ਸੋਰਸ ਅਜੰਸੀ ਤੋਂ ਬਿਨ੍ਹਾਂ) ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:–

ਲੜੀ ਨੰ:	ਪੋਸਟ ਅਤੇ ਸਕੇਲ	ਕੁੱਲ ਅਸਾਮੀਆਂ	ਮੌਜੂਦਾ ਸਟਾਫ	ਖਾਲੀ ਅਸਾਮੀਆਂ	ਨਾਰਮਜ਼ ਅਨੁਸਾਰ ਸਟਾਫ ਜ਼ੋ ਲੋੜੀਂਦਾ ਹੈ।	ਵਾਧੂ ਲੋੜੀਂਦਾ ਸਟਾਫ	ਪਰਖਕਾਲ ਸਮੇਂ ਦੋਰਾਨ ਮਿਲਣ ਵਾਲੀ ਬੇਸਿਕ ਤਨਖਾਹ	ਮਹੀਨਾ ਵਾਰ ਕੁੱਲ ਤਨਖਾਹ
1	ਫਿਟਰ 5910-20200+(2400)	48	17	31	34	17	10374 x 17	1,76,358/-
2	ਫਿਟਰ ਕੁੱਲੀ 4910-10680+(1650)	53	25	28	68	43	7298 x 43	3,13,814/-
3	ਮੈਸਨ 5910-20200+(1900)	5	4	1	---	1	9849 x 1	9,849/-
		Leave Arrangement for Fitter Coolie				11	8,777 x 11	96,547/-
		Total DC Rate per Month						5,96,568/-
		Total DC Rate Annual 5,96,568/- x 12						71,58,816/-

ਇਸ ਲਈ ਉਪਰੋਕਤ ਦਰਸ਼ਾਏ ਗਏ ਟੇਬਲ ਅਨੁਸਾਰ ਜੇਕਰ ਇਸ ਸਟਾਫ ਦੀ ਭਰਤੀ ਨਗਰ ਨਿਗਮ ਵਲੋਂ ਆਪਣੇ ਪੱਧਰ ਤੇ ਕੀਤੀ ਜਾਂਦੀ ਹੈ ਤਾਂ ਆਉਟ ਸੋਰਸ ਅਜੰਸੀ ਰਾਹੀਂ ਕਰਵਾਏ ਜਾ ਰਹੇ ਸਾਲਾਨਾ ਵਾਟਰ ਸਪਲਾਈ ਦੇ ਰੱਖ ਰੱਖਾਵ ਦੇ ਕੰਮ ਰੁਪਏ 1.10 ਕਰੌੜ ਦੇ ਵਿਰੁੱਧ ਤਕਰੀਬਨ ਰੁਪਏ 71,58,816/- ਦਾ ਖਰਚਾ ਆਵੇਗਾ, ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ।

ਕਿਉਂ ਜ਼ੋ ਉਪਰੋਕਤ ਦਰਸ਼ਾਏ ਨਾਰਮਜ਼ ਅਨੁਸਾਰ ਸ਼ਹਿਰ ਵਿੱਚ ਵਾਟਰ ਸਪਲਾਈ ਲਾਈਨਾਂ ਦੀ ਰਿਪੇਅਰ, ਗੰਦੇ ਪਾਣੀ ਦੀ ਸਮਸਿਆਵਾਂ/ ਲੀਕੇਜ਼ ਦੀ ਸਮਸਿਆਵਾਂ ਦਾ ਨਿਪਟਾਰਾ ਅਤੇ ਫਾਇਰ ਹਾਈਡਰੈਂਟ ਦੀ ਦੇਖਭਾਲ ਵਾਸਤੇ ਰੈਗੁਲਰ ਸਟਾਫ ਦੀ ਬਹੁਤ ਜਿਆਦਾ ਜਰੂਰਤ ਹੈ, ਇਸ ਲਈ ਉਪਰੋਕਤ ਅਨੁਸਾਰ ਵਾਟਰ ਸਪਲਾਈ ਸਿਸਟਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਤਕਰੀਬਨ ਪਿਛਲੇ 8-10 ਸਾਲਾਂ ਤੋਂ ਨਗਰ ਨਿਗਮ ਨੂੰ ਆਪਣੀ ਸੇਵਾਵਾਂ ਦੇ ਰਹੇ 64 ਫਿਟਰ ਕੁੱਲੀ/ ਮੈਸਨ (58 ਫਿਟਰ ਕੁੱਲੀ ਅਤੇ 6 ਮੈਸਨ) ਨੂੰ ਰੈਗੁਲਰ ਕਰਨ ਅਤੇ ਲੋੜੀਂਦੀਆਂ ਨਵੀਆਂ ਅਸਾਮੀਆਂ ਦੀ ਰਚਨਾ ਕਰਨ ਵਾਸਤੇ ਇਹ ਤਜਵੀਜ ਮੁੜ ਨਗਰ ਨਿਗਮ ਹਾਊਸ ਵਿੱਚ ਵਿਚਾਰਨ/ ਫੈਸਲੇ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਕਮਿਸ਼ਨਰ ਜੀ ਨੇ ਮਿਤੀ 17.3.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.3.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:-44

ਵਿਸ਼ਾ- ਸ਼ਹਿਰ ਵਿਚ ਘੁੰਮ ਰਹੇ ਅਵਾਰਾ ਗਊਆਂ/ਪਸ਼ੂਆਂ ਨੂੰ ਗਊਸ਼ਾਲਾ ਪ੍ਰਬੰਧਕ ਕਮੇਟੀ (ਰਜਿ.) ਦੀ ਚਾਰ ਦੀਵਾਰੀ ਵਿਚ ਰੱਖਣ ਲਈ ਸਾਲ 2021-22 ਦੀ ਗਰਾਂਟ ਜਾਰੀ ਕਰਵਾਉਣ ਲਈ ਪ੍ਰਵਾਨਗੀ ਪੱਤਰ ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਕੀਤੀ ਹੈ ਕਿ ਸ਼ਹਿਰ ਵਿਚ ਘੁੰਮ ਰਹੇ ਅਵਾਰਾਂ ਅਤੇ ਬੇ-ਸਹਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਸਥਾਨਕ ਸਰਕਾਰ ਵਿਭਾਗ ਵਲੋਂ ਹਰ ਸਾਲ ਪਿੰਜਰਾਪੋਲ ਗਊਸ਼ਾਲਾ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 53 ਮਿਤੀ 1.12.2020 ਰਾਹੀਂ 1,00,000/- ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਇਕ ਸਾਲ (ਅਪ੍ਰੈਲ-2020 ਤੋਂ ਮਾਰਚ-2021) ਲਈ ਰੁਪਏ 12,00,000/- ਦੇਣ ਲਈ ਪਾਸ ਹੋਇਆ ਹੈ ਜ਼ੋ ਕਿ ਰੁਪਏ 12,00,000/- ਦੀ ਰਾਸੀ ਮਾਰਚ-2021 ਨੂੰ ਸਮਾਪਤ ਹੋ ਰਹੀ ਹੈ।

ਇਸੇ ਤਰ੍ਹਾਂ ਅਪ੍ਰੈਲ-2021 ਤੋਂ ਮਾਰਚ-2022 ਤੱਕ ਰੁਪਏ 1,00,000/- ਦੇ ਹਿਸਾਬ ਨਾਲ ਕੁੱਲ ਰੁਪਏ 12,00,000/- ਦੀ ਅਦਾਇਗੀ ਕਰਨ ਲਈ ਤਜਵੀਜ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ 20.2.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 22.2.2021 ਰਾਹੀਂ ਉਪਰੋਕਤ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜਵੀਜ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ–45

ਵਿਸ਼ਾ :– ਨਗਰ ਨਿਗਮ ਜਲੰਧਰ ਦੀ ਹੱਦ ਵਿੱਚ ਘੁੰਮ ਰਹੇ ਅਵਾਰਾ ਪਸ਼ੂਆਂ ਨੂੰ ਗਊਸ਼ਾਲਾ ਕੰਨਿਆ ਵਾਲੀ ਸ਼ਾਹਕੋਟ ਅਤੇ ਗਊਸ਼ਾਲਾ ਸੰਤ ਮਹੇਸ਼ ਮੁਨੀ ਜੀ ਮਹਾਰਾਜ ਫਰੀਦਕੋਟ ਵਿਖੇ ਭੇਜਣ ਸਬੰਧੀ। ਖਰਚਾ 3,50,40,000/–

ਪੜ੍ਹਿਆ ਦਫਤਰੀ ਨੋਟ ਸਹਾਇਕ ਸਿਹਤ ਅਫਸਰ ਜਿਸ ਦੀ ਸਿ਼ਫਾਰਸ਼ ਸਿਹਤ ਅਫਸਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੇ ਮਤਾ ਨੰ: 15 ਮਿਤੀ : 29.11.2019 ਨੂੰ ਪਾਸ ਕੀਤਾ ਗਿਆ ਸੀ। ਜਿਸ ਵਿੱਚ 32/– ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਕੁੱਲ ਰੁਪਏ 93,44,000/– ਅਤੇ ਡਾਇਟ ਮਨੀ ਖਤਮ ਹੋ ਗਈ ਹੈ। ਨਗਰ ਨਿਗਮ ਜਲੰਧਰ ਕੋਲ ਆਪਣੀ ਗਊਸ਼ਾਲਾ ਨਾ ਹੋਣ ਕਰਕੇ ਇਸ ਕੰਮ ਲਈ ਗਊਸ਼ਾਲਾ ਕੰਨਿਆਂਵਾਲੀ, ਸ਼ਾਹਕੋਟ ਅਤੇ ਗਊਸ਼ਾਲਾ ਸੰਤ ਮਹੇਸ਼ ਮੁੰਨੀ ਜੀ ਮਹਾਰਾਜ ਫਰੀਦਕੋਟ ਵਿਖੇ ਲਗਭਗ 1700 ਪਸ਼ੂ ਅਤੇ ਸ਼ਾਹਕੋਟ ਗਊਸ਼ਾਲਾ ਵਿਖੇ ਲਗਭਗ 100 ਪਸ਼ੂ ਭੇਜੇ ਜਾ ਚੁੱਕੇ ਹਨ।

ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸ਼ਹਿਰ ਵਿੱਚ ਅਜੇ ਵੀ ਪਸ਼ੂਆਂ ਦੀ ਭਰਮਾਰ ਬਹੁਤ ਜਿਆਦਾ ਹੈ। ਇਸ ਤਰ੍ਹਾਂ ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ 3000 ਪਸ਼ੂਆਂ ਨੂੰ ਉਪਰੋਕਤ ਗਊਸ਼ਾਲਾਵਾਂ ਵਿੱਚ ਇੱਕ ਸਾਲ 2020–21 ਵਾਸਤੇ ਭੇਜਣ ਲਈ ਪਸ਼ੂਆਂ ਦਾ ਡਾਇਟ ਐਸਟੀਮੇਟ 32/– ਰੁ. ਪ੍ਰਤੀ ਦਿਨ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਇੱਕ ਸਾਲ (3000*32*365 ਦਿਨ) ਦਾ ਕੁੱਲ ਖਰਚਾ 3,50,40,000/– ਰੁਪਏ ਬਣਦਾ ਹੈ। ਇਸ ਤਰ੍ਹਾਂ 3,50,40,000/– ਰੁਪਏ ਖਰਚ ਕਰਨ ਦੀ ਹਾਊਸ ਤੋਂ ਪ੍ਰਵਾਨਗੀ ਲੋੜੀਂਦੀ ਹੈ। ਸੰਯੁਕਤ ਕਸਿਮ਼ਨਰ (ਐਸ) ਨੇ ਮਿਤੀ 5.11.2020 ਅਤੇ ਕਮਿਸ਼ਨਰ ਜੀ ਨੇ ਮਿਤੀ 13.11.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 7.2.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:-46

ਵਿਸ਼ਾ:- ਤਜਵੀਜ ਗਊਸ਼ਾਲਾ ਪਿੰਜਰਾ ਪੋਲ (ਰਜਿ.), ਟਾਂਡਾ ਰੋਡ, ਜਲੰਧਰ ਨੂੰ ਗ੍ਰਾਂਟ 1.00 ਲੱਖ ਰੁਪਏ ਪ੍ਰਤੀ ਮਹੀਨਾ ਤੋਂ ਵਧਾ ਕੇ 5.00 ਲੱਖ ਰੁਪਏ ਪ੍ਰਤੀ ਮਹੀਨਾ ਦੇਣ ਬਾਰੇ।

ਤਜਵੀਜ ਸ੍ਰੀਮਤੀ ਅਨੀਤਾ ਰਾਜਾ, ਕੌਂਸਲਰ ਵਾਰਡ ਨੰ: 49 ਜਿਸ ਦੀ ਪੁਸ਼ਟੀ ਸ੍ਰੀਮਤੀ ਉਮਾ ਬੇਰੀ, ਕੌਂਸਲਰ ਨੇ ਕੀਤੀ ਹੈ ਕਿ ਗਊਸ਼ਾਲਾ ਪਿੰਜਰਾ ਪੋਲ (ਰਜਿ.), ਟਾਂਡਾ ਰੋਡ, ਜਲੰਧਰ ਵਲੋਂ ਬੇਨਤੀ ਕੀਤੀ ਗਈ ਹੈ ਕਿ ਉਹਨਾਂ ਦੀ ਗਊਸ਼ਾਲਾ ਵਿਚ 1154 ਗਊ ਵੰਸ਼ ਹਨ, ਜਿਹਨਾਂ ਨੂੰ ਟੈਗ ਲੱਗੇ ਹੋਏ ਹਨ। ਨਗਰ ਨਿਗਮ ਜਲੰਧਰ ਵਲੋਂ ਇਸ ਗਊਸ਼ਾਲਾ ਨੂੰ 1.00 ਲੱਖ ਰੁਪਏ ਪ੍ਰਤੀ ਮਹੀਨਾ ਗ੍ਰਾਂਟ ਦਿੱਤੀ ਜਾਂਦੀ ਹੈ, ਜ਼ੋ ਕਿ ਬਹੁਤ ਘੱਟ ਹੈ। ਇਸ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਇਸ ਗਊਸ਼ਾਲਾ ਨੂੰ ਰੁਪਏ 5.00 ਲੱਖ ਪ੍ਰਤੀ ਮਹੀਨਾਂ ਗ੍ਰਾਂਟ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.3.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:-47

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਵਾਰਡਾਂ ਅਤੇ ਡੀਵਾਈਡਰਾਂ ਦਾ ਕੂੜਾ ਚੁੱਕਣ ਲਈ 25 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇੱਕ ਸਾਲ ਵਾਸਤੇ ਕਿਰਾਏ ਤੇ ਲੈਣ ਸਬੰਧੀ ।

ਪੜ੍ਹਿਆ ਨੋਟ ਸਿਹਤ ਅਸਫਰ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 19.5.2021 ਰਾਹੀਂ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਹੈਲਥ ਐਂਡ ਸੈਨੀਟੇਸ਼ਨ ਸ਼ਾਖਾ ਦੇ ਠੇਕੇਦਾਰ ਵਲੋਂ ਨਗਰ ਨਿਗਮ ਜਲੰਧਰ ਦੇ ਵਿਧਾਨ ਸਭਾ ਹਲਕਾ ਵਾਇਜ਼ ਟਰੈਕਟਰ ਟਰਾਲੀਆਂ ਚਲਾਈਆਂ ਜਾ ਰਹੀਆਂ ਹਨ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਠੇਕੇਦਾਰ ਵਲੋਂ ਕਿਰਾਏ ਤੇ ਲਈਆਂ ਗਈਆਂ ਟਰਾਲੀਆਂ ਦੇ ਠੇਕੇ ਦਾ ਟੈਂਡਰ ਜਲਦ ਹੀ ਖਤਮ ਹੋ ਰਿਹਾ ਹੈ। ਇਸ ਸਬੰਧੀ ਕੌਂਸਲਰਾਂ ਅਤੇ ਆਮ ਜਨਤਾ ਵਲੋਂ ਕੂੜਾ ਚੁੱਕਣ ਸਬੰਧੀ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ। ਜੇਕਰ ਇਹ ਟਰੈਕਟਰ ਟਰਾਲੀਆਂ ਨਹੀਂ ਲਈਆਂ ਜਾਂਦੀਆਂ ਤਾਂ ਜ਼ੋਨਾਂ ਦੇ ਵੱਖ-ਵੱਖ ਵਾਰਡਾਂ ਵਿਚ ਸਾਫ-ਸਫਾਈ ਕਰਾਉਣ ਵਿਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਕੂੜਾ ਚੁੱਕਣ ਲਈ 25 ਟਰੈਕਟਰ ਟਰਾਲੀਆਂ ਸਮੇਤ ਡੀਜਲ, ਡਰਾਈਵਰ ਅਤੇ 2 ਲੇਬਰ ਇਕ ਸਾਲ ਵਾਸਤੇ ਕਿਰਾਏ ਤੇ ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜ਼ੋ ਕੂੜਾ ਚੁੱਕਣ ਸਬੰਧੀ ਆ ਰਹੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਸਕੇ।

ਚਾਰ ਵਿਧਾਨ ਸਭਾ ਹਲਕਿਆਂ ਲਈ 25 ਟਰੈਕਟਰ ਟਰਾਲੀਆਂ ਦੇ ਖਰਚੇ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

Cost Estimate

Zone Name	**Amount**
Cantt. Zone (5 TT)	48,98,618.40
North Zone (6 TT)	58,78,342.08
West Zone (6 TT)	58,78,342.08
Central Zone (7 TT)	68,58,065.76
Roads / Divider (1 TT) With Road Sweeping machine	9,79,723.68
Total (25 TT)	**2,44,93,092.00**

ਇਸ ਲਈ 25 ਟਰੈਕਟਰ-ਟਰਾਲੀਆਂ ਅਤੇ 2 ਲੇਬਰ ਪ੍ਰਤੀ ਟਰਾਲੀ ਲਈ 1 (ਇੱਕ) ਸਾਲ ਵਾਸਤੇ ਰੱਖਣ ਲਈ ਰੁਪਏ 2,44,93,092/- ਦਾ ਤੱਕ ਟੈਂਡਰ ਲਗਾਏ ਜਾਣੇ ਹਨ ਅਤੇ ਇਹ ਕੰਮ ਪਹਿਲਾਂ ਦੀ ਤਰ੍ਹਾਂ ਓ.ਐਂਡ ਐਮ. ਦੇ ਟੈਂਡਰ ਸੈਲ ਤੋਂ ਕਰਵਾਇਆ ਜਾਵੇ। ਇਸ ਕੰਮ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 26.5.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਸਿਹਤ ਅਫਸਰ ਨੇ ਮੁੜ ਮਿਤੀ 11.6.2021 ਰਾਹੀਂ ਲਿਖਿਆ ਹੈ ਕਿ ਕੋਵਿਡ-19 ਹੋਣ ਕਾਰਨ ਦਫਤਰ ਵਿਚ ਕਿਸੇ ਵੀ ਤਰ੍ਹਾਂ ਦੀ ਮੀਟਿੰਗ ਨਹੀਂ ਹੋ ਰਹੀ ਹੈ। ਇਸ ਕਰਕੇ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਹੋਣ ਵਿਚ ਦੇਰੀ ਹੋ ਸਕਦੀ ਹੈ। ਟਰੈਕਟਰ ਟਰਾਲੀਆਂ ਵਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣਾ ਅਤੀ ਜਰੂਰੀ ਹੈ ਅਤੇ ਇਸ ਕੰਮ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਇਸ ਅਤੀ ਜਰੂਰੀ ਕੰਮ ਦੀ ਗੰਭੀਰਤਾ ਨੂੰ ਸਮਝਦੇ ਹੋਏ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਹਿਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 17.6.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮੇਅਰ ਜੀ ਨੇ ਮਿਤੀ 19.6.2021 ਰਾਹੀਂ ਲਿਖਿਆ ਹੈ ਕਿ ਟੈਂਡਰ ਦਾ ਸਮਾਂ ਕਦੋਂ ਖਤਮ ਹੋ ਰਿਹਾ ਹੈ ਦੱਸਿਆ ਜਾਵੇ।

ਜਿਸ ਤੇ ਸਿਹਤ ਅਫਸਰ ਨੇ ਦੱਸਿਆ ਕਿ ਮਿਤੀ 28.6.2021 ਨੂੰ ਟੈਂਡਰ ਖਤਮ ਹੋ ਰਿਹਾ ਹੈ ਨਵੇਂ ਟੈਂਡਰ ਸਬੰਧੀ ਪ੍ਰਕਿਰਿਆ ਮਿਤੀ 4.5.2021 ਤੋਂ ਸ਼ੁਰੂ ਹੈ। ਸੰਯੁਕਤ ਕਮਿਸ਼ਨਰ(ਐਚ) ਨੇ ਮਿਤੀ 29.6.2021 ਅਤੇ ਕਮਿਸ਼ਨਰ ਜੀ ਨੇ ਮਿਤੀ 1.7.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 5.7.2021 ਰਾਹੀਂ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:-48

ਵਿਸ਼ਾ :- ਹੈਲਥ ਸ਼ਾਖਾ ਵਿੱਚ ਚੱਲ ਰਹੇ ਠੇਕੇਦਾਰ ਦੇ ਟਿੱਪਰ ਅਤੇ ਜੇ.ਸੀ.ਬੀ. ਦੇ ਕੰਮ ਦਾ 50% ਵਾਧਾ ਲੈਣ ਸਬੰਧੀ ।

ਪੜ੍ਹਿਆ ਨੋਟ ਚੀਫ ਸੈਨੇਟਰੀ ਇੰਸਪੈਕਟਰ ਜਿਸ ਦੀ ਸ਼ਿਫਾਰਸ਼ ਸਹਾਇਕ ਸਿਹਤ ਅਫਸਰ ਨੇ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਕੂੜਾ ਚੁੱਕਣ ਲਈ ਘੱਟੋ ਘੱਟ 6 ਟਿੱਪਰ ਅਤੇ 2 ਜੇ.ਸੀ.ਬੀ. ਮਸ਼ੀਨਾਂ ਟਿਪਿੰਗ ਫੀਸ ਰਾਹੀਂ 6 ਮਹੀਨੇ ਤੇ ਲੈਣ ਲਈ ਮਤਾ ਨੰ: 106 ਮਿਤੀ : 29.11.2019 ਨੂੰ ਮਾਨਯੋਗ ਹਾਊਸ ਵੱਲੋ ਪ੍ਰਵਾਨ ਕੀਤਾ ਗਿਆ। ਇਸ ਸਬੰਧ ਵਿੱਚ ਨਗਰ ਨਿਗਮ ਜਲੰਧਰ ਵੱਲੋ ਟੈਂਡਰ ਲਗਾਏ ਗਏ ਅਤੇ ਇਸ ਕੰਮ ਲਈ ਤੀਸਰੀ ਬਾਰ ਤਕਨੀਕੀ ਬਿਡ ਮਿਆਰ ਪੱਖੋ ਪੂਰੀ ਹੋਈ। ਇਹ ਕੰਮ ਵਿੱਤ ਅਤੇ ਠੇਕਾ ਕਮੇਟੀ ਵੱਲੋ ਮਿਤੀ : 23.11.2020 ਨੂੰ ਮਤਾ ਨੰ. 20 ਰਾਹੀਂ ਮੈਸਰਜ਼ ਸਿੰਘ ਅਰਥ ਮੂਵਰਜ਼ ਨੂੰ ਤਖਮੀਨਾਂ ਰੁਪਏ 91,62,720/- ਵਿਰੁੱਧ 26.19% ਘਾਟੇ ਤੇ ਰੁਪਏ 67,63,003/- ਤੋਂ ਅਲਾਟ ਕੀਤਾ ਗਿਆ।

ਨਗਰ ਨਿਗਮ ਜਲੰਧਰ ਵਿੱਚ ਮਸ਼ੀਨਰੀ ਦੀ ਘਾਟ ਕਰਕੇ ਸੈਕੰਡਰੀ ਡੰਪਾਂ ਤੋਂ ਕੂੜਾ ਚੁੱਕਣਾ ਅਤਿ ਜਰੂਰੀ ਹੈ। ਇਸ ਕੰਮ ਵਾਸਤੇ 10% ਦੇ ਵਾਧੇ ਦੀ ਮੰਨਜੂਰੀ ਕਮਿਸ਼ਨਰ ਜੀ ਵੱਲੋਂ ਮਿਤੀ : 10.08.2020 ਨੂੰ ਲਈ ਗਈ ਹੈ ਜ਼ੋ ਕਿ ਅਕਤੂਬਰ 2020 ਦੇ ਆਖਰੀ ਹਫ਼ਤੇ ਖਤਮ ਹੋ ਗਿਆ ਸੀ। ਮਾਨਯੋਗ ਮੇਅਰ ਸਾਹਿਬ ਜੀ ਵੱਲੋ 6 ਟਿੱਪਰ ਅਤੇ 2 ਜੇ.ਸੀ.ਬੀ. ਦੇ 15% ਵਾਧੇ ਦੀ ਮੰਨਜ਼ੂਰੀ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ : 12.10.2020 ਨੂੰ ਲੈ ਲਈ ਗਈ ਸੀ ਜ਼ੋ ਕਿ ਨਵੰਬਰ ਦੇ ਤੀਸਰੇ ਹਫ਼ਤੇ ਖਤਮ ਹੋ ਰਿਹਾ ਹੈ। ਕੂੜਾ ਚੁੱਕਣ ਦੇ ਟੈਂਡਰ ਦਾ ਕੰਮ ਪ੍ਰਗਤੀ ਅਧੀਨ ਹੈ। ਜਿਸ ਨੂੰ ਸਮਾਂ ਲੱਗਣਾ ਹੈ। ਸ਼ਹਿਰ ਦੇ ਸੈਕੰਡਰੀ ਡੰਪਾਂ ਤੋਂ ਕੂੜਾ ਚੁੱਕਣ ਦਾ ਕੰਮ ਅਤਿ ਜਰੂਰੀ ਹੈ।

ਕੰਮ ਦੀ ਲਗਾਤਾਰਤਾ ਵਿੱਚ ਇਸ ਅਤਿ ਜਰੂਰੀ ਕੰਮ ਨੂੰ 50% ਵਾਧੇ ਦੀ ਮੰਨਜ਼ੂਰੀ ਲਈ ਸਰਕਾਰ ਨੂੰ ਭੇਜਿਆ ਜਾਵੇ ਤਾਂ ਜ਼ੋ ਅਗਲੇ ਵਰਕ ਆਰਡਰ ਕਰਨ ਤੱਕ ਸ਼ਹਿਰ ਦੇ ਸੈਕੰਡਰੀ ਡੰਪਾਂ ਤੋਂ ਕੂੜਾ ਸੁਚਾਰੂ ਢੰਗ ਨਾਲ ਚੁਕਣ ਲਈ ਪਹਿਲਾਂ ਤੋਂ ਚੱਲ ਰਹੇ 6 ਟਿੱਪਰ ਅਤੇ 2 ਜੇ.ਸੀ.ਬੀ. ਮਸ਼ੀਨਾਂ (ਟਿਪਿੰਗ ਫੀਸ) ਰਾਹੀ ਨੂੰ ਚਲਾਇਆ ਜਾ ਸਕੇ। ਇਸ ਲਈ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਲੋੜੀਂਦੀ ਹੈ।ਸੰਯੁਕਤ ਕਮਿਸ਼ਨਰ (ਐਚ) ਅਤੇ ਕਮਿਸ਼ਨਰ ਜੀ ਨੇ ਮਿਤੀ 17.11.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 17.11.2021 ਰਾਹੀਂ ਉਪਰੋਕਤ ਅਨੁਸਾਰ ਤਖਮੀਨਾ ਰਿਵਾਈਜਡ ਕਰਨ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਰਿਵਾਇਜ਼ਡ ਤਖਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 49

ਵਿਸ਼ਾ:- ਨਗਰ ਨਿਗਮ ਜਲੰਧਰ ਦੀਆਂ ਵੱਖ-ਵੱਖ ਗੱਡੀਆਂ ਦੇ ਟਾਇਰ/ਟਿਊਬ/ਫਲੈਪ ਖਰੀਦ ਕਰਨ ਸਬੰਧੀ।

ਪੜਿਆ ਨੋਟ ਵਰਕਾਸ਼ਾਪ ਸ਼ਾਖਾ ਜਿਸ ਨਾਲ ਨਿਗਰਾਨ ਇੰਜ਼ੀਨਿਅਰ (ਓ ਐਂਡ ਐਮ) ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 18-03-2021 ਅਨੁਸਾਰ ਟਾਇਰਾਂ ਦੀ ਖਰੀਦ ਲਈ ਕਮੇਟੀ ਦਾ ਗਠਣ ਕੀਤਾ ਗਿਆ ਹੈ। ਕਮੇਟੀ ਦੀ ਸਿਫਾਰਸ਼ ਤੇ ਅਪੋਲੋ ਟਾਇਰ ਲਿਮਿਟੇਡ ਪਾਸੋਂ ਅਪੋਲੋ ਟਾਇਰ ਦੇ ਅਧਿਕਾਰਤ ਡੀਲਰਾਂ ਦੀ ਸੂਚੀ ਮੰਗਵਾਈ ਗਈ ਅਤੇ ਸੂਚੀ ਅਨੁਸਾਰ ਹੇਠ ਲਿਖੇ ਅਧਿਕਾਰਤ ਡੀਲਰਾਂ ਤੋਂ ਕੁਟੇਸ਼ਨਾਂ ਪ੍ਰਾਪਤ ਕੀਤੀਆਂ। ਪ੍ਰਾਪਤ ਕੀਤੀਆਂ ਕੁਟੇਸ਼ਨਾਂ ਅਨੁਸਾਰ Comparative Statement ਤਿਆਰ ਕੀਤੀ ਗਈ, ਜਿਸ ਅਨੁਸਾਰ ਸੱਭ ਤੋਂ ਘੱਟ ਰੇਟ M/S Shree Balaji Enterprises, Jalandhar ਦੇ ਪ੍ਰਾਪਤ ਹੋਏ:-

Sr. No.	Tyre Size	Description	Qty	Net Amount Apollo Tyres Ltd.	Net Amount M/s Samra Automobiles	M/s Sidhu Tyres	M/s Arora Tyre Centre	M/s Shree Balaji Enterprises
1	6.00- 16 (Tyre+Tube)	Tractor Front	36	126060.00	125820.00	124200.00	124200.00	124200.00
2	12.4-28 (Tyre+Tube)	Tractor Front	36	571972.00	570600.00	561600.00	561600.00	561420.00
3	7.50-16 (Tyre+Tube+Flap)	DP Front	24	186297.00	185760.00	182400.00	182400.00	182160.00
4	7.50-16 (Tyre+Tube+Flap)	DP Rear	48	385234.00	384000.00	376800.00	376800.00	376560.00
5	10.00-20 (Tyre+Tube+Flap)	Truck Front	52	794439.00	793000.00	774800.00	774800.00	774540.00
6	10.00-20 (Tyre+Tube+Flap)	Truck Rear	104	1733903.00	1731600.00	1695200.00	1679600.00	1678560.00
7	10.00-20 (Tyre+Tube+Flap)	RC Front	10	204856.00	204440.00	200000.00	198500.00	198450.00
8	10.00-20 (Tyre+Tube+Flap)	RC Rear	20	446204.00	445800.00	430000.00	431500.00	429500.00
9	9.00-16 (Tyre+Tube+Flap)	JCB Front	22	227383.00	226930.00	223850.00	220000.00	220000.00
10	16.9-28 (Tyre+Tube)	JCB Rear	22	716276.00	715000.00	704000.00	721600.00	701800.00
11	9.00-16 (Tyre+Tube+Flap)	Trolley	26	263574.00	263120.00	262600.00	262600.00	262340.00
12	8.25-16 (Tyre+Tube+Flap)	Jetting Machine Front	6	53925.00	53640.00	52800.00	52500.00	52470.00
13	8.25-16 (Tyre+Tube+Flap)	Jetting Machine Rear	12	118459.00	118200.00	115800.00	115200.00	115080.00
	Total Rs.			58,28,582/-	58,17,910/-	57,04,050/-	57,01,300/-	56,77,080/-

ਉਪਰੋਕਤ ਪ੍ਰਾਪਤ ਹੋਈਆਂ ਕੁਟੇਸ਼ਨਾਂ ਵਿਚੋਂ ਘੱਟ ਰੇਟ ਦੀ ਕੁਟੇਸ਼ਨ M/s Shree Balaji Enterprises ਦੀ ਪਾਈ ਗਈ, ਜਿਸ ਅਨੁਸਾਰ ਟਾਇਰਾਂ ਦੀ ਖਰੀਦ ਕਰਨ ਤੇ ਰੁਪਏ 56,77,080/- ਦਾ ਖਰਚਾ ਆਵੇਗਾ ਅਤੇ ਇਹ ਅਦਾਇਗੀ ਕੰਪਨੀ ਨੂੰ ਪਹਿਲਾਂ ਕਰਨੀ ਪਵੇਗੀ। ਇਥੇ ਇਹ ਵੀ ਦਸਿਆ ਜਾਂਦਾ ਹੈ ਕਿ ਕੰਪਨੀ/ਫਰਮ ਵਲੋਂ ਰੇਟ ਉਹ ਲਏ ਜਾਣਗੇ ਜ਼ੋ ਸਮਾਨ ਦੀ ਡਿਲਵਰੀ ਸਮੇਂ ਹੋਣਗੇ। ਕਿਉਂ ਜ਼ੋ ਇਹ ਖਰੀਦ ਕਰਨੀ ਅਤਿ ਜਰੂਰੀ ਹੈ, ਇਸ ਲਈ ਰੁਪਏ 56,77,080/- ਬਤੌਰ ਆਰਜੀ ਅਡਵਾਂਸ ਲੈਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਨ੍ਹਾਂ ਟਾਇਰ/ਟਿਊਬਾਂ ਨੂੰ ਖਰੀਦ ਕਰਨ ਦੀ ਪ੍ਰਵਾਨਗੀ ਅਤੇ ਖਰੀਦ ਕਰਨ ਉਪਰੰਤ ਆਰਜੀ ਅਡਵਾਂਸ ਅਡਜਸਟ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਜਾਵੇ ਜੀ। ਇਸ ਲਈ ਉਪਰੋਕਤ ਖਰੀਦ ਕਰਨ ਵਾਸਤੇ ਕੇਸ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ । ਮੇਅਰ ਜੀ ਨੇ ਮਿਤੀ 25.3.2021 ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:-50

ਵਿਸ਼ਾ:- ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ,1976 ਦੀ ਧਾਰਾ 42 ਤਹਿਤ ਕਮੇਟੀਆ ਬਣਾਉਣ ਬਾਬਤ।

ਹਵਾਲਾ:- ਮੇਅਰ ਜੀ ਦੇ ਦਫਤਰੀ ਪੱਤਰ ਨੰ: ਡੀ/233/ਮੇਅਰ ਮਿਤੀ 31.1.2020, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਨਗਰ ਨਿਗਮ ਹਾਊਸ ਵਲੋਂ ਮਤਾ ਨੰ: 32 ਮਿਤੀ 5.3.2018 ਰਾਹੀਂ ਨਗਰ ਨਿਗਮ ਦੀਆਂ ਐਡਹਾਕ ਕਮੇਟੀਆਂ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 42 ਤਹਿਤ ਬਣਾਉਣ ਦਾ ਅਧਿਕਾਰ ਸਰਵਸੰਮਤੀ ਨਾਲ ਮੇਅਰ ਜੀ ਨੂੰ ਦਿੱਤਾ ਗਿਆ ਸੀ। ਹਵਾਲੇ ਅਧੀਨ ਪੱਤਰ ਰਾਹੀਂ ਮੇਅਰ ਜੀ ਵਲੋਂ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਗਠਤ ਕੀਤੀਆਂ ਗਈਆਂ ਕਮੇਟੀਆਂ ਦਾ ਸਮਾਂ ਇੱਕ ਸਾਲ ਲਈ ਨਿਰਧਾਰਤ ਕੀਤਾ ਗਿਆ ਸੀ । ਕਿਉਂ ਜ਼ੋ ਇਹਨਾਂ ਕਮੇਟੀਆਂ ਦਾ ਇੱਕ ਸਾਲ ਦਾ ਸਮਾਂ ਹੁਣ ਖ਼ਤਮ ਹੋ ਗਿਆ ਹੈ, ਇਸ ਲਈ ਇਹਨਾਂ ਕਮੇਟੀਆਂ ਦਾ ਪੁਨਰਗਠਨ ਹੇਠ ਅਨੁਸਾਰ ਮੇਅਰ ਜੀ ਵਲੋਂ ਆਪਣੇ ਦਫਤਰੀ ਪੱਤਰ ਨੰ: ਡੀ/333/ਮੇਅਰ ਮਿਤੀ 10.2.2021 ਰਾਹੀਂ ਕੀਤਾ ਗਿਆ ਹੈ, ਜਿਸ ਦੀ ਜਾਣਕਾਰੀ ਸਬੰਧਤ ਕੌਂਸਲਰ ਸਾਹਿਬਾਨ ਨੂੰ ਅਜੰਡਾ ਸ਼ਾਖਾ ਦੇ ਦਫਤਰੀ ਪੱਤਰ ਨੰ: 725-728/ਐਸ.ਏ. ਮਿਤੀ 25.2.2021 ਰਾਹੀਂ ਭੇਜ਼ ਦਿੱਤੀ ਗਈ ਹੈ:

1	BUILDING AND ROADS ADHOC COMMITTEE
	Sh. Jagdish Kumar Dakoha, Councillor (W.No.12) – Chairman Smt. Sarfo Devi, Councillor (W.No. 69)- Member Sh. Des Raj Jassal, Councillor (W.No. 80) - Member Smt. Harsharan Kaur, Councillor (W.No. 31) - Member Sh. Deepak Sharda, Councillor (W.No. 62) – Member Sh. Madan Lal, Councillor (W.No. 74) - Member Smt. Jaspal Kaur Bhatia, Councillor (W.No. 45) – Member
2	TOWN PLANNING AND BUILDING ADHOC COMMITTEE
	Sh. Nirmal Singh, Councillor (W.No. 6) - Chairman Smt. Manjit Kaur, Councillor (W.No. 21) - Member Sh. Sushil Kalia, Councillor (W.No. 64) - Member Sh. Lakhvir Singh Bajwa, Councillor (W.No. 76) – Member Smt. Dolly, Councillor (W.No. 15) - Member Sh. Sushil Kumar, Councillor (W.No. 2) – Member Smt. Rishma Khosla, Coucnillor (W.No.61)-Member Sh. Rajinder Kumar Juneja, Councillor (W.No. 24) –Member Sh. Paramjit Singh Reru, Councillor (W.No. 4) – Member Smt. Harsharan Kaur, Councillor (W.No. 31)-Member
3	WATER SUPPLY & SEWERAGE DISPOSAL COMMITTEE
	Sh. Pawan Kumar, Councillor (W.No. 30) – Chairman Smt. Radhika Pathak, Councillor (W.No. 51) - Member Smt. Rishma Khosla, Coucillor (W.No. 61) – Member Sh. Rajinder Kumar Juneja, Councillor (W.No. 24) - Member Sh. Bachan Lal, Councillor (W.No. 36)-Member
4	SANITATION & HEALTH ADHOC COMMITTEE
	Sh. Balraj Thakur, Councillor (W.No. 28) – Chairman Sh. Des Raj Jassal, Councillor (W.No. 80) -Member Sh. Avtar Singh, Councillor (W.No. 60)- Member Sh. Paramjot Singh, Councillor (W.No. 50) - Member Sh. Sucha Singh, Councillor (W.No. 32) - Member Sh. Jagdish Ram, Councillor (W.No. 78) - Member Sh. Rohan Sehgal, Councillor (W.No. 26) – Member Sh. J.P.Shamsher Singh Khehra, Councillor (W.No. 8)-Member Smt. Satinderjit Kaur, Councillor (W.No. 71) – Member Sh. Manjinder Singh Chatha, Councillor (W.No. 14) – Member
5	STREET LIGHT ADHOC COMMITTEE
	Smt. Mandip Kaur Multani, Councillor (W.No. 9) – Chairman Sh. Avtar Singh, Councillor (W.No. 60)-Member Smt. Parveena, Councillor (W.No.11) - Member Smt. Paramjit Kaur Bagri, Councillor (W.No. 29) - Member Smt. Babita Rani, Councillor (W.No.43) - Member Sh. Rajwinder Singh Raja, Councillor (W.No. 58) – Member Smt. Shally Khanna, Councillor (W.No. 17) – Member

6	TEHBAZARI ADHOC COMMITTEE
	Smt. Arurna Arora, Councillor (W.No. 27) – Chairman Sh. Palli Appan, Councillor (W.No. 56)- Member Smt. Kamla Rani, Councillor (W.No. 33) - Member Smt. Rajni Bahri, Councillor (W.No. 53) - Member Smt. Geeta Rani, Councillor (W.No. 35) – Member
7	ADVERTISEMENT ADHOC COMMITTEE
	Smt. Neerja Jain, Councillor (W.No. 23) – Chairman Smt. Sarabjit Kaur, Councillor (W.No. 25)- Member Sh. Manmohan Singh, Councillor (W.No. 16) - Member Sh. Omkar Rajiv Tikka, Councillor (W.No. 38) - Member Smt. Reeta Sharma, Councillor (W.No. 54) - Member Smt. Shaweta Dhir, Councillor (W.No. 77) – Member
8	WORKSHOP ADHOC COMMITTEE
	Smt. Reena Kaur, Councillor (W.No. 59) – Chairman Smt. Jaswinder Kaur, Councillor (W.No. 63) - Member Sh. Mintu, Councillor (W.No. 72)-Member Sh. Vipan Kumar Chadha, Councillor (W.No. 52) – Member Sh. Paramjit Singh Reru, Councillor (W.No. 4) –Member
9	AUCTION ADHOC COMMITTEE
	Sh. Tarsem Singh Lakhotra, Councillor (W.No. 34) – Chairman Sh. Palli Appan, Councillor (W.No. 56) - Member Smt. Anita, Councillor (W.No. 75) –Member Smt. Vandna, Councillor (W.No. 55) –Member Sh. Baljit Singh Thind, Councillor (W.No. 18) –Member
10	FIRE BRIGADE ADHOC COMMITTEE
	Sh. Mandip Kumar Jassal, Councillor (W.No. 10) – Chairman Smt. Sarabjit Kaur, Councillor (W.No. 25)- Member Smt. Rajni Mattu, Councillor (W.No. 57) – Member Sh. Viresh Kumar, Councillor (W.No. 40) –Member
11	LANDSCAPE AND BEAUTIFICATION ADHOC COMMITTEE
	Smt. Bimla Rani, Councillor (W.No. 13)-Chairman Smt. Jasleen Sethi, Councillor (W.No. 20) – Member Sh. Parabhdyal Bhagat, Councillor (W.No. 22) – Member Smt. Tamanreet Kaur, Councillor (W.No. 1) – Member
12	PUBLIC RELATIONS ADHOC COMMITTEE
	Smt. Kamlesh Grover, Councillor (W.No. 37) – Chairman Smt. Sarfo Devi, Councillor (W.No. 69)-Member Smt. Neelam, Councillor (W.No. 7) – Member Smt. Risha Saini, Councillor (W.No. 3) – Member Smt. Baljinder Kaur, Councillor (W.No. 5) – Member
13	EMPLOYEES WELFARE ADHOC COMMITTEE
	Smt. Jaswinder Kaur, Councillor (W.No. 63)- – Chairman Smt. Balwinder Kaur, Councillor (W.No. 47) – Member Sh. Davinder Singh Rony, Councillor (W.No. 66) – Member
14	PROPERTY TAX ADHOC COMMITTEE
	Smt. Kawaljit Kaur Gullu, Councillor (W.No. 67) – Chairman Smt. Anita, Councillor (W.No. 46) - Member Smt. Anita, Councillor (W.No. 41) –Member Smt. Jaspal Kaur Nagra, Councillor (W.No. 79) –Member
15	Stray Animals Control Adhoc Committee (including ABC programme)
	Sh. Gurvinder Pal Singh Bunty Neelkanth, Councillor (W.No.68)-Chairman Sh. Manmohan Singh, Councillor (W.No. 16)-Member Sh. Vipan Kumar Chadha, Councillor (W.No. 52)-Member Smt. Manjit Kaur, Councillor (W.No.21)- Member

The term of these Adhoc Committees will be for one year and Number of members can be increased at any time. The purview of these committees except Property Tax Adhoc Committee will be the same as contained in Resolution No. 801 dated 25.11.1991. The purview of the Property Tax Adhoc Committee will be as per order No. D/233/Mayor dt. 31.1.2020 & Resolution No. 23 dt. 17.11.2020. The preview of Stray Animals Control Adhoc Committee will be as under:

1. To monitor the shifting of Stray Cows from limits of Municipal Corporation Jalandhar to different Gaushalas.
2. To monitor the sterilization work (under ABC programme) of stray dogs being conducted by Municipal Corporation Jalandhar.
3. To monitor the working of Gaushalas within Municipal Corporation Jalandhar limits to whom monetary grant is being issued by MCJ.
4. To monitor the working of Road Sweeping machines.

The respective Heads of Departments shall be Ex-officio Secretary for each Committee/Adhoc Committees.

The proceedings of these Committees will take effect after these are approved by the Mayor.

Sd/-
(Jagdish Raj Raja)
Mayor

ਕਮੇਟੀਆਂ ਹਾਊਸ ਦੀ ਜਾਣਕਾਰੀ ਹਿਤ ਪੇਸ਼ ਹਨ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:–51

ਵਿਸ਼ਾ:– ਓ.ਐਂਡ ਐਮ. ਸ਼ਾਖਾ, ਬੀ.ਐਂਡ ਆਰ. ਅਤੇ Stray Animals Control ਸਬ–ਕਮੇਟੀਆਂ ਵਿਚ ਮੈਂਬਰਾਂ ਦੀ ਨਿਯੁਕਤੀ ਕਰਨ ਸਬੰਧੀ।

ਹਵਾਲਾ:– ਮੇਅਰ ਜੀ ਦੇ ਦਫਤਰੀ ਪੱਤਰ ਨੰ: ਡੀ/333/ਮੇਅਰ ਮਿਤੀ 10.2.2021, ਉਪਰੋਕਤ ਵਿਸ਼ੇ ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਵੱਖ–ਵੱਖ ਸਬ–ਕਮੇਟੀਆਂ ਦਾ ਗਠਨ ਕੀਤਾ ਗਿਆ ਸੀ । ਜਿਸ ਵਿਚ ਇਹ ਪ੍ਰਵੀਜਨ ਵੀ ਸੀ ਕਿ ਮੇਅਰ ਜੀ ਕਦੇ ਵੀ ਸਬ–ਕਮੇਟੀਆਂ ਵਿਚ ਮੈਂਬਰਾਂ ਨੂੰ ਘਟਾ ਅਤੇ ਵਧਾ ਸਕਦੇ ਹਨ। ਇਹਨਾਂ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠ ਲਿਖੇ ਕੌਂਸਲਰਾਂ ਦੀ ਨਿਯੁਕਤੀ ਵੱਖ–ਵੱਖ ਕਮੇਟੀਆਂ ਵਿਚ ਬਤੌਰ ਮੈਂਬਰ ਕੀਤੀ ਜਾਂਦੀ ਹੈ:–

1. ਸ੍ਰੀ ਅਵਤਾਰ ਸਿੰਘ, ਕੌਂਸਲਰ ਵਾਰਡ ਨੰ: 60, Stray Animals Control ਸਬ–ਕਮੇਟੀ
2. ਸ੍ਰੀਮਤੀ ਰਾਧਿਕਾ ਪਾਠਕ, ਕੌਂਸਲਰ, ਵਾਰਡ ਨੰ: 51, ਬੀ.ਐਂਡ ਆਰ., ਸਬ– ਕਮੇਟੀ
3. ਸ੍ਰੀਮਤੀ ਬਲਵਿੰਦਰ ਕੌਰ, ਕੌਂਸਲਰ, ਵਾਰਡ ਨੰ: 47, ਓ.ਐਂਡ ਐਮ. ਸਬ–ਕਮੇਟੀ

ਉਕਤ ਮੈਂਬਰਾਂ ਦੀ ਸੂਚਨਾ ਹਾਊਸ ਵਿਚ ਜਾਣਕਾਰੀ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:– 52

ਵਿਸ਼ਾ:– **Extension in time limit (One Year) for the work of Operation & Management of Corporation Facilitation Centre(CFC) in Zonal Offices and Suvidha Centre of Municipal Corporation Jalandhar ਸਬੰਧੀ।**

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 1.04.2021 ਵੱਲੋ ਨਗਰ ਨਿਗਮ ਜਲੰਧਰ ਵੱਲੋਂ ਹਾਊਸ ਦੇ ਮਤਾ ਨੰ: 61 ਮਿਤੀ: 1–12–2020 ਰਾਹੀਂ **Operation & Management of Corporation Facilitation Centre(CFC) in Zonal Offices and Suvidha Centre of Municipal Corporation Jalandhar ਸਬੰਧੀ** ਮਤਾ ਪ੍ਰਵਾਨ ਕੀਤਾ ਗਿਆ। ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਦੇ **ਪੱਤਰ ਨੰ: ਸ5–ਡਸਸ–ਮਸਸ–2021/11739 ਮਿਤੀ: 22–03–2021** ਰਾਹੀਂ ਦਿੱਤੀ ਗਈ

ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 61 ਮਿਤੀ: 1–3–2019 ਦੇ ਫੈਸਲੇ ਦੀ ਲਗਾਤਾਰਤਾ ਵਿੱਚ ਮਤਾ ਨੰ: 73 ਮਿਤੀ: 30–5–2019 ਅਤੇ ਆਰ.ਐਫ.ਪੀ. ਦੀ ਸ਼ਰਤਾਂ ਅਨੁਸਾਰ "The services /arrangement will be initially for the one year which can be extended upto **TWO MORE YEARS** after one year with the consent of both the parties with same estimate /T&C. excluding Sr. No. 'A' which can be revised upto 10% annually as per the guidelines issued by Labour Department GoP" ਅਨੁਸਾਰ ਨਗਰ ਨਿਗਮ ਹਾਊਸ ਦੇ ਮਤਾ ਨੰ: 9 ਮਿਤੀ: 29–11–2019 ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਸ5–ਡਸਸ–ਮਸਸ–2020/9305 ਮਿਤੀ: 18–02–2020 ਰਾਹੀਂ ਦਿੱਤੀ ਗਈ ਅਤੇ ਨਗਰ ਨਿਗਮ ਹਾਊਸ ਦੇ ਮਤਾ ਨੰ: 61 ਮਿਤੀ: 1–12–2020 ਰਾਹੀਂ ਪਿਛਲੇ ਵਰਕ ਆਰਡਰ ਦੀ ਲਗਾਤਾਰਤਾ ਵਿੱਚ ਕੰਮ ਦੇ ਸਮੇਂ ਵਿੱਚ ਮਿਤੀ: **1.6.2020 ਤੋਂ 31.5.2021** ਤੱਕ **(ਇਕ ਸਾਲ)** ਦਾ ਸੰਯੁਕਤ ਕਮਿਸ਼ਨਰ ਜੀ ਦੇ ਪੱਤਰ ਨੰ:3/sm/comp ਮਿਤੀ: 29.5.2020 ਰਾਹੀ ਵਰਕ ਆਰਡਰ ਦਿੱਤਾ ਗਿਆ ਸੀ, ਜ਼ੋ ਕਿ ਮਿਤੀ: 31.5.2021 ਨੂੰ ਖਤਮ ਹੋਣਾ ਹੈ। **ਹਾਊਸ ਦੇ ਮਤੇ ਅਤੇ ਆਰ.ਐਫ.ਪੀ. ਦੀ ਉਕਤ ਸ਼ਰਤਾਂ ਅਨੁਸਾਰ ਕੰਪਨੀ ਨੂੰ ਉਸ ਦੇ ਠੇਕੇ ਵਿਚ ਮਿਤੀ 31.05.2021 ਤੋ ਬਾਅਦ ਅਗਲੇ ਇੱਕ ਸਾਲ ਦਾ ਵਾਧਾ ਕਰਨ ਦਾ ਉਪਬੰਧ ਹੈ ।**

ਇਥੇ ਇਹ ਤਸਦੀਕ ਕੀਤਾ ਜਾਂਦਾ ਹੈ ਕਿ ਕੰਪਨੀ ਵੱਲੋ ਆਪਣਾ ਕੰਮ ਤੱਸਲੀ ਬਖਸ਼ ਕੀਤਾ ਜਾ ਰਿਹਾ ਹੈ । ਇਹਨਾਂ ਸੀ.ਐਫ.ਸੀ. ਬਣਨ ਨਾਲ ਆਮ ਜਨਤਾ ਨੂੰ ਕਾਫੀ ਸਹੂਲਤ ਮਿਲੀ ਹੈ। ਕੰਪਨੀ ਵੱਲੋ ਨਗਰ ਨਿਗਮ ਦੇ ਪ੍ਰਾਪਰਟੀ ਟੈਕਸ ਵਿਭਾਗ ਅਤੇ ਵਾਟਰ ਰੇਟ ਸ਼ਾਖਾ ਦੇ ਡਾਟਾਬੇਸ ਨੂੰ ਆਨ–ਲਾਈਨ ਅਤੇ ਕੰਮਪਿਊਟਰਾਇਜਡ ਕੀਤਾ ਹੈ। ਕੰਪਨੀ ਵੱਲੋ ਆਪਣੇ ਸਮੇਂ ਵਿੱਚ ਇਹਨਾਂ ਵਿਭਾਗਾਂ ਦੀ ਆਮਦਨ ਵਿੱਚ ਵਾਧਾ ਕਰਨ ਦਾ ਯੋਗਦਾਨ ਪਾਇਆ ਹੈ।ਇਹ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਇੱਕ Emergerncy/ Urgent-nature ਕੰਮ ਹੈ।

ਇਥੇ ਇਹ ਵੀ ਜਿਕਰਯੋਗ ਹੈ ਕਿ ਸੀ.ਐਫ.ਸੀ ਚਲਾਉਣ ਦਾ ਠੇਕਾ ਮਿਤੀ: 31.05.2021 ਨੂੰ ਖਤਮ ਹੋ ਰਿਹਾ ਹੈ।ਇਸ ਲਈ ਵਰਕ ਆਰਡਰ ਦੀ ਲਗਾਤਾਰਤਾ ਵਿੱਚ ਆਰ.ਐਫ.ਪੀ. ਦੀ ਸ਼ਰਤਾਂ ਅਨੁਸਾਰ ਕੰਮ ਦੇ ਸਮੇਂ ਵਿੱਚ ਵਾਧਾ ਕਰਨ ਕਰਨ ਲਈ ਵਿਚਾਰ ਕਰ ਲਿਤਾ ਜਾਵੇ ਤਾਂ ਜ਼ੋ ਨਗਰ ਨਿਗਮ ਜਲੰਧਰ ਨੂੰ ਕੋਈ ਵਿੱਤੀ ਨੁਕਸਾਨ ਨਾ ਹੋਵੇ ਅਤੇ ਆਮ ਪਬਲਿਕ ਨੂੰ ਆਪਣੇ ਟੈਕਸ/ਯੂਜਰ ਚਾਰਜਿਸ ਜਮ੍ਹਾਂ ਕਰਵਾਉਣ ਵਿੱਚ ਪਰੇਸ਼ਾਨੀ ਨਾ ਆ ਸਕੇ ਜੀ।

ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਭਾਰਤ ਸਰਕਾਰ ਵੱਲੋ ਕਰੋਨਾ ਬਿਮਾਰੀ ਨੂੰ ਮਹਾਮਾਰੀ ਬਿਮਾਰੀ ਘੋਸ਼ਿਤ ਕੀਤੀ ਜਾ ਚੁਕੀ ਹੈ ਅਤੇ ਸਾਰਾ ਦੇਸ਼/ਰਾਜ ਇਸ ਬਿਮਾਰੀ ਨਾਲ ਲੜ ਰਿਹਾ ਹੈ।ਇਸ ਬਿਮਾਰੀ ਕਾਰਨ ਸਾਰੇ ਦੇਸ਼/ਰਾਜ ਦੇ ਸਰਕਾਰੀ ਅਦਾਰਿਆਂ ਦੀ ਆਮਦਨ/ਰਿਕਵਰੀ ਵਿੱਚ ਬਹੁਤ ਫਰਕ ਪਿਆ ਹੈ, ਪਰ ਫਿਰ ਵੀ ਇੰਨਾਂ ਸੀ.ਐਫ.ਸੀ ਸੈਂਟਰਾਂ ਤੇ ਕੰਮ ਕਰ ਰਹੇ ਸਟਾਫ ਵੱਲੋ ਪਬਲਿਕ ਡਿਲਿੰਗ ਅਤੇ ਰਿਕਵਰੀ ਕਰਕੇ **ਕੋਵਿਡ–19 ਫਰੰਟ ਲਾਇਨ ਯੋਧਾ** ਬਣਕੇ ਨਗਰ ਨਿਗਮ ਜਲੰਧਰ ਦੀ ਆਮਦਨ/ਰਿਕਵਰੀ ਇੱਕਠੀ ਕਰਕੇ ਵਿੱਤੀ ਫਾਇਦਾ ਦਿੱਤਾ ਹੈ।ਇਹਨਾਂ ਸੀ.ਐਫ.ਸੀ ਸੈਂਟਰਾਂ ਵਿੱਚ ਮਿਤੀ: 01.04.2020 ਤੋਂ 31.03.2021 ਤੱਕ ਲੱਗਭਗ 99450 ਲੋਕਾਂ ਨੇ ਬਿੱਲ/ਟੈਕਸ ਦੇਣ ਲਈ ਆਏ ਅਤੇ ਨਗਰ ਨਿਗਮ ਜਲੰਧਰ ਨੂੰ **ਕੁੱਲ ਰੁਪਏ: 27.19 ਕਰੋੜ** ਇਹਨਾਂ ਸੈਂਟਰਾਂ ਰਾਹੀਂ ਇਕੱਠਾ ਕਰ ਕੇ ਦਿੱਤਾ ਗਿਆ।

ਉਪਰੋਕਤ ਸੀ.ਐਫ.ਸੀ. ਦੇ ਅਤਿ ਮਹੱਤਵਪੂਰਨ ਕੰਮ ਨੂੰ ਮੁੱਖ ਰੱਖਦੇ ਹੋਏ ਪਿਛਲੇ ਵਰਕ ਆਰਡਰ ਦੀ ਲਗਾਤਾਰਤਾ ਵਿੱਚ ਕੰਮ ਦੇ ਸਮੇਂ ਵਿੱਚ ਮਿਤੀ: **1.6.2021 ਤੋਂ 31.5.2022** ਤੱਕ **(ਇਕ ਸਾਲ)** ਵਾਧਾ ਕਰਨ ਅਤੇ ਇਸ ਵਾਧੂ ਸਮੇਂ ਲਈ ਕੰਪਨੀ ਵੱਲੋਂ ਉਪਲਬੱਧ ਕਰਵਾਈ ਜਾ ਰਹੀ ਮੈਨਪਾਵਰ ਨੂੰ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋ ਨਿਸ਼ਚਿੱਤ ਕੀਤੀਆਂ ਮਿਨੀਮਮ ਵੇਜਿਜ਼ ਅਨੁਸਾਰ ਅਦਾਇਗੀ ਕਰਨ, ਕੰਪਨੀ ਨਾਲ ਨਵਾਂ ਇਕਰਾਰਨਾਮਾ ਕਰਨ ਉਪਰੰਤ ਮਹਿਨਾਵਾਰ ਅਦਾਇਗੀ ਕਰਨ ਸਬੰਧੀ ਨਗਰ ਨਿਗਮ ਹਾਊਸ ਤੋਂ ਪ੍ਰਵਾਨਗੀ ਲੋੜੀਂਦੀ ਹੈ, ਕੰਮ ਬਹੁਤ ਜਰੂਰੀ ਹੋਣ ਕਰਕੇ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਮੰਜੂਰੀ ਦਿੱਤੀ ਜਾਵੇ।

ਸਹਾਇਕ ਕਮਿਸ਼ਨਰ ਜੀ ਨੇ ਮਿਤੀ: 1.04.2021 ਨੂੰ ਇਹ ਮਾਮਲਾ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 9.04.2021 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 28.04.2021 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/– ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:–53

ਵਿਸ਼ਾ :– ਡਰੋਨ ਸਿਸਟਮ ਰਾਹੀ ਵਿਕਾਸ ਦੇ ਕੰਮਾਂ ਦੀ ਪਬਲਿਕ ਨੂੰ ਜਾਣਕਾਰੀ ਦੇਣ ਸਬੰਧੀ।

ਪੜ੍ਹਿਆ ਦਫ਼ਤਰੀ ਨੋਟ ਸਟੋਰ ਜਨਰਲ ਸ਼ਾਖਾ ਜਿਸ ਦੀ ਸਿਫਾਰਿਸ਼ ਸੁਪਰਡੰਟ ਸਟੋਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਮੇਅਰ ਜੀ ਦੇ ਜੁਬਾਨੀ ਹੁਕਮਾਂ ਅਨੁਸਾਰ ਪੰਜਾਬ ਸਰਕਾਰ ਦੀ ਸਰਕਾਰ ਦੇ ਹੁੰਦਿਆਂ ਹੋਇਆ ਜਲੰਧਰ ਸ਼ਹਿਰ ਵਿੱਚ ਪਿਛਲੇ 4 ਸਾਲਾਂ ਦੌਰਾਨ ਨਗਰ ਨਿਗਮ ਜਲੰਧਰ ਵੱਲੋ ਸ਼ਹਿਰ ਦੀ ਹਦੂਦ ਅੰਦਰ ਆਉਂਦੇ ਇਲਾਕੇ ਅਤੇ ਵਾਰਡ ਵਿੱਚ ਕਰਵਾਏ ਗਏ ਵਿਕਾਸ ਦੇ ਕੰਮ ਜਿਨ੍ਹਾ ਦੀ ਮੇਨ ਸੜ੍ਹਕਾਂ, ਪਾਰਕ, ਫੁੱਟਪਾਥ ਜਿਹੜੇ ਵਰਕਸ ਦੇ ਕੰਮ ਕਰਵਾਏ ਗਏ ਹਨ, ਉਨ੍ਹਾਂ ਨੂੰ ਡਰੋਨ ਸਿਸਟਮ ਰਾਹੀ ਸਾਰੀਆਂ ਵੀਡੀਓ ਬਣਾ ਕੇ ਸ਼ਹਿਰ ਵਾਸੀਆਂ ਨੂੰ ਵਿਖਾਈ ਜਾਣੀ ਹੈ। ਉਕਤ ਕੰਮ ਕਰਵਾਉਣ ਲਈ ਮਾਰਕਿਟ ਵਿੱਚੋ ਵੱਖ–ਵੱਖ ਕੁਟੇਸ਼ਨਾਂ ਮੰਗਵਾਈਆਂ ਗਈਆਂ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :–

M/s Special Moment Media	**M/s Creating Designer Media**	**M/s Libertas Media**
@ 1,43,200/-	**@1,44,700/-**	**@1,39,000/-** **Including Tax**

ਉਪਰੋਕਤ ਕੁਟੇਸ਼ਨਾਂ ਵਿੱਚ ਸਭ ਤੋਂ ਘੱਟ ਰੇਟ M/s Libertas ਦਾ ਪਾਇਆ ਗਿਆ। ਇਹ ਕੰਮ ਚਾਰਾਂ Constituecy (ਹਲਕਾ) ਦਾ ਕਰਵਾਇਆ ਜਾਣਾ ਹੈ। ਦੋ Constituecy ਦਾ ਖਰਚਾ 1,39,000/– ਹੈ। ਇਸ ਲਈ ਚਾਰ Constituecy ਦਾ ਖਰਚਾ ਰੁ: 2,78,000/– ਆਵੇਗਾ। ਇਸ ਲਈ ਇਹ ਕੰਮ ਈ ਟੈਡਰਿੰਗ ਕਾਲ ਰਾਹੀਂ ਕਰਵਾਇਆ ਜਾਵੇਗਾ। ਇਸ ਲਈ ਰੁ: 2,78,000/– ਦੀ ਪ੍ਰਵਾਨਗੀ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਕਮਿਸ਼ਨਰ ਜੀ ਨੇ ਮਿਤੀ 3.2.2021 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 3.2.2021 ਰਾਹੀਂ ਉਪਰੋਕਤ ਤਖਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਖਮੀਨਾਂ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/– ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:- 54

ਵਿਸ਼ਾ:- ਨਗਰ ਨਿਗਮ ਦੀ ਲੈਬੋਰੇਟਰੀ ਵਲੋਂ "Water Analysis Report" ਜਾਰੀ ਕਰਨ ਦੀ ਫੀਸ ਵਿਚ ਵਾਧਾ ਕਰਨ ਦੇ ਸਬੰਧ ਵਿਚ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਕੀਤੀ ਹੈ ਕਿ ਬਹੁਤ ਸਾਰੇ ਖਪਤਕਾਰਾਂ ਵਲੋਂ ਨਗਰ ਨਿਗਮ ਦੀ ਲੈਬੋਰੇਟਰੀ ਤੋਂ ਪਾਣੀ ਦੇ ਸੈਂਪਲ ਦੇਣ ਉਪਰੰਤ "Water Analysis Report" ਲਈ ਜਾਂਦੀ ਹੈ, ਜਿਸ ਦੀ ਫੀਸ ਨਗਰ ਨਿਗਮ ਵਲੋਂ ਪਿਛਲੇ ਕਾਫੀ ਸਾਲਾਂ ਤੋਂ ਰੁਪਏ 500/- ਪ੍ਰਤੀ ਰਿਪੋਰਟ ਲਈ ਜਾਂਦੀ ਹੈ, ਜਦਕਿ ਉਕਤ ਸੈਂਪਲ ਦੀ "Water Analysis Report" ਜਾਰੀ ਕਰਦੇ ਹੋਏ ਨਗਰ ਨਿਗਮ ਵਲੋਂ ਜਿਹਨਾਂ ਪੈਰਾਮੀਟਰਾਂ ਦੀ ਚੈਕਿੰਗ ਕੀਤੀ ਜਾਂਦੀ ਹੈ ਉਹਨਾਂ ਹੀ ਪੈਰਾਮੀਟਰਾਂ ਦੀ ਰਿਪੋਰਟ ਜਾਰੀ ਕਰਨ ਲਈ "Ministry of Environment, Forests and Climate Change (Central Pollution Control Board)" ਵਲੋਂ ਜਾਰੀ ਨੋਟੀਫਿਕੇਸ਼ਨ ਮਿਤੀ 24.10.2016 ਨੂੰ ਦੇਖਿਆ ਜਾਵੇ ਤਾਂ ਉਨ੍ਹਾਂ ਵਲੋਂ ਫਿਕਸ ਕੀਤੇ ਗਏ ਰੇਟ ਹੇਠ ਲਿਖੇ ਅਨੁਸਾਰ ਹਨ:-

Sr. No.	Parameter	Charges Rs.
1.	ODOUR	110
2.	PH	110
3.	TOTAL HARDNESS AS CACO 3	180
4.	TDS	180
5.	ALKALINITY	180
6.	TURBIDITY	110
7.	CALCIUM	180
8.	CHLORIDE	180
9.	FLUORIDE	350
10.	IRON	530
11.	RESIDUAL CHLORINE	180
12.	TOTAL COLLIFORM COUNT	620
13.	FAECAL COLLIFROM	620
TOTAL		**3530**

ਇਸ ਲਈ ਇਹਨਾਂ ਰੇਟਾ ਨੂੰ ਵਾਚਦੇ ਹੋਏ ਮੌਜੂਦਾ ਰੇਟਾਂ ਵਿਚ ਵਾਧਾ ਕਰਨ ਲਈ ਇਸ ਤਜਵੀਜ ਨੂੰ ਵਾਚਿਆ ਜਾਵੇ ਅਤੇ ਵਾਟਰ ਟੈਸਟਿੰਗ ਦੀ ਫੀਸ ਵਿਚ ਉਪਰੋਕਤ ਰੇਟਾਂ ਅਨੁਸਾਰ ਵਾਧਾ ਕਰਨ ਦੀ ਤਜਵੀਜ ਮਾਨਯੋਗ ਹਾਊਸ ਵਿਚ ਪੇਸ਼ ਕੀਤੀ ਜਾਵੇ। ਕਮਿਸ਼ਨਰ ਜੀ ਨੇ ਮਿਤੀ 17.6.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.6.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 55

ਵਿਸ਼ਾ :- ਤਜਵੀਜ ਗਦਈਪੁਰ ਵਿਖੇ ਕੰਸਟਰਕਸ਼ਨ ਐਂਡ ਡੇਮੋਲੇਸ਼ਨ ਵੇਸਟ ਪ੍ਰੋਸੈਸਿੰਗ ਪਲਾਂਟ ਲਗਾਉਣ ਅਤੇ 5 ਸਾਲਾਂ ਦੀ ਦੇਖਭਾਲ ਕਰਨ ਸਬੰਧੀ।

ਤਜਵੀਜ ਨਿਗਰਾਨ ਇੰਜੀਨੀਅਰ (ਬੀ.ਐਂਡ ਆਰ.) ਕਿ ਕੰਸਟਰਕਸ਼ਨ ਐਂਡ ਡੇਮੋਲੇਸ਼ਨ (ਸੀ.ਐਂਡ.ਡੀ) ਵੇਸਟ ਮੈਨੇਜ਼ਮੈਂਟ ਰੂਲਸ 2016 ਅਨੁਸਾਰ ਹਰ ਸ਼ਹਿਰ ਨੂੰ ਜਿਨ੍ਹਾਂ ਦੀ ਅਬਾਦੀ 0.5 ਤੋਂ 01 ਮੀਲਿਅਨ ਤੱਕ ਹੈ ਉਨ੍ਹਾਂ ਨੂੰ 24 ਮਹੀਨਿਆਂ ਵਿੱਚ ਇਹ ਪਲਾਂਟ ਲਗਾਇਆ ਜਾਣਾ ਲਾਜ਼ਮੀ ਕੀਤਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਜਲੰਧਰ ਸਮਾਰਟ ਸਿਟੀ ਵੱਲੋ ਇਸ ਪਲਾਂਟ ਨੂੰ ਲਗਾਉਣ ਲਈ ਡੀ.ਪੀ.ਆਰ ਰੁ: 7.64 ਕਰੋੜ ਦੀ ਤਿਆਰ ਕੀਤੀ ਗਈ। ਜਿਸ ਦੀ ਤਕਨੀਕੀ ਪ੍ਰਵਾਨਗੀ ਸਥਾਨਕ ਸਰਕਾਰ ਵਲੋਂ ਗਠਿਤ ਕੀਤੀ ਗਈ ਮੁੱਖ ਇੰਜੀਨੀਅਰਾਂ ਦੀ ਕਮੇਟੀ ਵੱਲੋ ਮਿਤੀ : 05/10/2020 ਰੁ: 8.09 ਕਰੋੜ ਦੀ ਦਿੱਤੀ ਗਈ।

ਇਸ ਪਲਾਂਟ ਨੂੰ ਚਲਾਉਣ/ਲਗਾਉਣ ਦਾ ਮਾਡਲ ਹੇਠ ਲਿਖੇ ਅਨੁਸਾਰ ਹੈ :-

1) ਬਿਡਰ ਵੱਲੋ ਪਲਾਂਟ ਲਗਾਉਣ ਦੇ ਨਾਲ ਸੀ.ਐਂਡ.ਡੀ. ਵੇਸਟ ਨੂੰ ਪ੍ਰੋਸੈਸ ਕੀਤਾ ਜਾਵੇਗਾ ਅਤੇ ਪਲਾਂਟ ਦੀ 5 ਸਾਲ ਤੱਕ ਦੀ ਦੇਖਭਾਲ ਵੀ ਕੀਤੀ ਜਾਵੇਗੀ।
2) ਪਲਾਂਟ ਤੇ ਸੀ.ਐਂਡ.ਡੀ. ਵੇਸਟ ਦੀ ਢੋਹਾ ਢੁਹਾਈ ਸ਼ਹਿਰ ਵਿੱਚੋਂ ਇਕੱਠਾ ਕਰਕੇ ਨਗਰ ਨਿਗਮ ਜਲੰਧਰ ਵੱਲੋਂ ਕੀਤੀ ਜਾਵੇਗੀ।
3) ਪਲਾਂਟ ਤੇ ਪ੍ਰੋਸੈਸਿੰਗ ਵੇਸਟ ਨੂੰ ਸੰਭਾਲ ਲਈ ਮਸ਼ੀਨ ਦੀ ਖਰੀਦ ਜਲੰਧਰ ਸਮਾਰਟ ਸਿਟੀ ਵੱਲੋ ਕੀਤੀ ਜਾਣੀ ਹੈ। ਇਸ ਮਸ਼ੀਨਰੀ ਨੂੰ ਨਗਰ ਨਿਗਮ ਜਲੰਧਰ ਵੱਲੋ ਆਉਟਸੋਰਸ ਪ੍ਰਨਾਲੀ ਰਾਹੀਂ ਸਟਾਫ ਰੱਖਣ ਉਪਰੰਤ ਚਲਾਇਆ ਜਾਣਾ ਹੈ ਅਤੇ ਇਸ ਦੀ ਦੇਖਭਾਲ (Maintenance) ਪ੍ਰੋਸੈਸਿੰਗ ਪਲਾਂਟ ਨੂੰ ਲਗਾਉਣ ਵਾਲੇ ਬਿਡਰ ਵੱਲੋ ਕੀਤੀ ਜਾਵੇਗੀ।
4) ਪਲਾਂਟ ਦੇ ਲਈ ਸਿਵਲ Civil Infrastructure (ਜਿਵੇਂ ਕਿ ਕੰਸਟਰੱਕਸ਼ਨ ਆਫ ਬਾਊਂਡਰੀ ਵਾਲ, ਸ਼ੈੱਡ, ਆਫਿਸ ਸਟਾਫ ਲਈ ਕਮਰੇ, ਬਿਜਲੀ ਦੇ ਕੁਨੈਕਸ਼ਨ ਲਈ ਟਰਾਂਸਫਾਰਮਰ, ਪਾਣੀ ਲਈ ਟਿਊਬਵੈੱਲ ਆਦਿ) ਜਲੰਧਰ ਸਮਾਰਟ ਸਿਟੀ ਵੱਲੋ ਤਿਆਰ ਕਰਵਾਇਆ ਜਾਵੇਗਾ।
5) ਸੀ.ਐਂਡ.ਡੀ. ਵੇਸਟ ਪ੍ਰੋਸੈਸਿੰਗ ਕਰਨ ਉਪਰੰਤ ਰਿ-ਸਾਇਕਲ ਪ੍ਰੋਡਕਟਸ (Recycle Products like recycle aggregate 20mm, 40mm, 80mm and sand etc.) ਨਗਰ ਨਿਗਮ ਜਲੰਧਰ ਦੇ ਹੋਣਗੇ ਤੇ ਉਹ ਸਥਾਨਕ ਸਰਕਾਰ ਵੱਲੋ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ: No. 5/69/2020-2lg4/1486 ਮਿਤੀ : 26.08.2020 ਅਨੁਸਾਰ ਉਸ ਨੂੰ ਵਰਤਣ ਵਿੱਚ ਲਿਆਂਦਾ ਜਾਵੇਗਾ।
6) ਪ੍ਰੋਸੈਸਿੰਗ ਪਲਾਂਟ ਦੀ ਸਾਇਟ ਤੇ ਪ੍ਰੋਜੈਕਟ ਨੂੰ ਓਵਰਆਲ ਦੇਖਭਾਲ ਲਈ ਸਟਾਫ ਨਗਰ ਨਿਗਮ ਵੱਲੋ ਮੁਹੱਇਆ ਕਰਵਾਇਆ ਜਾਵੇਗਾ।

ਸਥਾਨਕ ਸਰਕਾਰ ਵੱਲੋ ਗਠਿਤ ਕੀਤੀ ਗਈ ਮੁੱਖ ਇੰਜੀਨੀਅਰਜ਼ ਦੀ ਕਮੇਟੀ ਵੱਲੋ ਪ੍ਰਵਾਨ ਕੀਤੀ ਗਈ ਰੁ: 8.09 ਕਰੋੜ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :

Part A: C&D Waste Processing Plant Establishment & 5 Years O&M Cost

S. No.	Item/Particular	Amount (Rs.)
1.	**Cost of Processing plant Unit.** Design, Engineering & supply of Plant & Equipment including Technological Structures and LT Electricals of 12 - 15 TPH Construction & Demolition waste recycling including transportation, transit insurance, and plant Erection & commissioning & Jaw crasher, F.O.R Jalandhar (incl.GST).	2,23,50,000
2.	**Cost of machinery** for feeding C&D waste to the Hopper, handling & removal of Product after the conveyor discharge i.e. sand and aggregates and removal of sludge from sludge from sludge pond, area cleaning, upkeep and housekeeping. (**Ref. table A**).	66,35,000
Total		**28985000**
O&M of C&D waste processing plant for 5 years (@ Rs. 95 per Ton with the increase of 10% per Annum) This cost will cover of all consumables, spares and trained processing plant operating staffs including GST.(electricity & water charges paid by MCJ)		1,45,80,865
Total		**4,35,65,865**

Part-B: Infrastructure Development Cost

S. No.	Item/Particular	Amount (Rs.)
1.	Infrastructure Development: Construction of Admin Block, Toilet block, Weight bridge and room, Control room, boundary wall, Gate, Shed, Sludge Pond plumbing and electrical works etc.	2,67,89,447
2	**Boundary wall**	**2116092**
Total		**28905539**

Part-C: Manpower Cost

S. No.	Item/Particular	Amount (Rs.)
1.	Manpower Cost or 5 Years	8274569
	Total Part-C	**8274569**
	Sub Total (Part A+ Part B+ Part C)	**80745974**
	Contingency 05% on Infrastructure Development	**144527**
	Grand Total	**80890501**
Say		**8.09 Cr**

S. No.	Item	Amount	Fund/borne by	Remark
1.	C&D Waste Processing Plant Establishment	2,23,50,000	JSCL	Included cost of transportation, insurance Erection & commissioning, FOR JALANDHAR SITE.
2.	Infrastructure / Site Development Cost.& Boundary wall	**2,89,05,539**	JSCL	Construction of Admin Block, Toilet block, Weight bridge and room, Control room, boundary wall, Gate, Shed, plumbing and electrical works etc.
3.	Cost of Machinery at Plant site.	66,35,000	JSCL	Backhoe loader with rock breaker(1), Wheel loader(1), 5 cum Tipper.(1)
4.	5 years O&M Cost	1,45,80,864	MCJ	
5	Cost of Manpower to carryout auxiliary operations in plant site.	82,74,569	MCJ	For five years
6.	Cost of Electricity and Water Consumption.	-	MCJ	As actual
7	Cost of C&D Waste collection and transportation upto plant site (Vehicle, Manpower and Diesel).	-	MCJ	As actual
Total cost fund under Jalandhar Smart City (S. NO. 1+2+3)				5,78,90,539.say 5.78 Cr.
Total cost borne by MCJ (S.NO. 4+5)				2.28 Cr.

ਉਕਤ ਦੀ ਲੜੀ ਨੰ: 1, 2 ਅਤੇ 3 ਵਿੱਚ ਦਰਸਾਏ ਗਏ (22350000+ 28905539+ 6635000) = ਰੁ: 57890539/- ਜਲੰਧਰ ਸਮਾਰਟ ਸਿਟੀ ਵੱਲੋ ਖਰਚ ਕੀਤੇ ਜਾਣੇ ਹਨ ਅਤੇ ਉਪਰੋਕਤ ਦੇ ਲੜੀ ਨੰ: 4 ਅਤੇ 5 ਵਿੱਚ ਦਰਸਾਈ ਗਈ ਕੁੱਲ ਰਕਮ (14580864+8274569) = ਰੁ: 22855433/- ਨਗਰ ਨਿਗਮ ਜਲੰਧਰ ਵੱਲੋ ਖਰਚ ਕੀਤੇ ਜਾਣੇ ਹਨ। ਲੜੀ ਨੰ: 1 ਅਤੇ 4 ਅਨੁਸਾਰ ਸੀ.ਐਂਡ.ਡੀ. ਵੇਸਟ ਪ੍ਰੋਸੈਸਿੰਗ ਪਲਾਂਟ ਸਥਾਪਿਤ ਕਰਨ ਲਈ ਟੈਂਡਰ ਪ੍ਰਕਰਿਆ ਪੂਰੀ ਹੋ ਚੁੱਕੀ ਹੈ ਅਤੇ ਘੱਟ ਵਸੂਲ ਪਾਏ ਗਏ ਬਿੱਡਰ ਨਾਲ ਇਕਰਾਰਨਾਮਾ ਕੀਤਾ ਜਾ ਰਿਹਾ ਹੈ। ਸੀ.ਐਂਡ.ਡੀ. ਵੇਸਟ ਪ੍ਰੋਸੈਸਿੰਗ ਪਲਾਂਟ ਲੱਗਣ ਵਾਲੀ ਜਗ੍ਹਾ ਗਦਈਪੁਰ ਵਿਖੇ ਇੰਨਫ੍ਰਾਸਟਰੱਕਚਰ ਡਵੈਲਪਮੈਂਟ ਕਰਨ ਲਈ ਟੈਂਡਰ ਮੰਗੇ ਜਾ ਚੁੱਕੇ ਹਨ। ਪਲਾਂਟ ਲਈ ਮਸ਼ੀਨਰੀ ਖਰੀਦ ਕਰਨ ਲਈ ਵੀ ਟੈਂਡਰ ਮੰਗੇ ਗਏ ਹਨ। ਉਪਰੋਕਤ ਅਨੁਸਾਰ ਨਗਰ ਨਿਗਮ ਹਾਊਸ ਵਲੋਂ ਸਹਿਣ ਕਰਨ ਤੇ ਆਉਣ ਵਾਲਾ ਖਰਚਾ ਰੁਪਏ 2,28,55,433/- ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ। ਇਸ ਰਕਮ ਵਿੱਚੋ ਬੱਚਦੇ ਰੁ: 8274569/- ਦਾ ਕੰਮ ਨਗਰ ਨਿਗਮ ਵੱਲੋ ਟੈਂਡਰ ਲਗਾਉਣ ਉਪਰੰਤ ਕੀਤਾ ਜਾਵੇਗਾ।

ਉਕਤ ਤਜਵੀਜ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿੱਚ ਵਿਚਾਰਣ ਅਧੀਨ ਪੇਸ਼ ਕਰਨ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 18.3.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.4.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 56

ਵਿਸ਼ਾ :- ਲੁੱਕ ਦੇ ਰੇਟਾਂ ਵਿੱਚ ਵਾਧਾ ਹੋਣ ਕਾਰਨ ਅਰਬਨ ਵਾਤਾਵਰਨ ਸੁਧਾਰ ਪ੍ਰੋਗਰਾਮ Ph-I&II ਅਧੀਨ ਕੰਮਾਂ ਦੇ ਰੇਟਾਂ ਦੇ ਰਿਵਾਇਜ਼ ਹੋਣ ਬਾਰੇ।

ਪੜ੍ਹਿਆ ਨੋਟ ਨਿਗਮ ਇੰਜੀਨੀਅਰ (ਬੀ.ਐਂਡ.ਆਰ) ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਅਰਬਨ ਵਾਤਾਵਰਨ ਸੁਧਾਰ ਪ੍ਰੋਗਰਾਮ **Ph-I & II** ਅਧੀਨ ਕੰਮ ਪ੍ਰਗਤੀ ਅਧੀਨ ਹਨ। ਗਰਮੀ ਦਾ ਮੌਸਮ ਹੋਣ ਕਾਰਨ ਲੁੱਕ ਦੇ ਕੰਮਾਂ ਨੂੰ ਕਰਵਾਉਣਾ ਜਰੂਰੀ ਹੈ ਪਰ ਲੁੱਕ ਦੇ ਰੇਟਾਂ ਵਿੱਚ ਵਾਧਾ ਹੋਣ ਕਾਰਨ ਕਈ ਕੰਮ ਆਪਣੇ ਤਖਮੀਨੇ ਦੀ ਰਕਮ ਤੋਂ ਵੱਧ ਰਹੇ ਹਨ।

ਸਥਾਨਕ ਸਰਕਾਰ ਵਿਭਾਗ ਵੱਲੋ ਆਪਣੇ ਦਫਤਰੀ ਪੱਤਰ ਨੰ: 1/2/2019-ਅ.ਵਾ.ਸੁ.ਪ੍ਰੋ/3211, ਮਿਤੀ: 30/12/2020 ਰਾਹੀ ਲਿਖਿਆ ਗਿਆ ਹੈ ਕਿ " In all the cases where the vetted project cost exceeds the approval sanctioned limit, Department of Local Govt, Shall obtain a resolution from the respective local bodies that they will meet the additional fund requirement from their own resources or shall curtail the project within the sanctioned limits."

ਕਿਉਂ ਜ਼ੋ ਇਸ ਮੌਸਮ ਵਿੱਚ ਲੁੱਕ ਦੇ ਕੰਮ ਕਰਵਾਉਣੇ ਅਤੀ ਜਰੂਰੀ ਹਨ ਅਤੇ ਜਿਨ੍ਹਾਂ ਤਖਮੀਨਿਆਂ ਵਿੱਚ ਲੁੱਕ ਦੇ ਰੇਟ ਵਿੱਚ ਵਾਧਾ ਹੋਣ ਕਾਰਨ ਅਤੇ ਹੋਰ ਸਿਵਲ ਦੇ ਕੰਮ ਜਿੱਥੇ ਮੌਕੇ ਤੇ ਕੰਮ ਕਰਵਾਉਂਦੇ ਸਮੇਂ ਰਕਮ ਤਖਮੀਨੇ ਦੀ ਰਕਮ ਤੋਂ ਵੱਧ ਹੋ ਜਾਂਦੀ ਹੈ, ਉਸ ਵੱਧਦੀ ਰਕਮ ਨੂੰ ਨਗਰ ਨਿਗਮ ਦੇ ਫੰਡ ਵਿੱਚੋ ਅਦਾਇਗੀ ਕਰਵਾਉਣ ਲਈ ਮਾਣਯੋਗ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ।

ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ 28.4.2021 ਰਾਹੀਂ ਲਿਖਿਆ ਹੈ ਕਿ ਉਪਰੋਕਤ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ ਕਿਉਂਜੋ ਕੋਵਿਡ -19 ਕਾਰਨ ਅਜੇ ਹਾਊਸ ਦੀ ਮੀਟਿੰਗ ਹੋਣੀ ਸੰਭਵ ਨਹੀਂ ਹੈ। ਕਮਿਸ਼ਨਰ ਜੀ ਨੇ ਮਿਤੀ 10.5.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 12.6.2021 ਰਾਹੀਂ ਉਕਤ ਤਜਵੀਜ ਅਨੁਸਾਰ ਵਧੇ ਹੋਏ ਲੁੱਕ ਦੇ ਰੇਟਾਂ ਨੂੰ ਰਿਵਾਈਜ ਕਰਨ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹਨ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:-57

ਵਿਸ਼ਾ:- ਮੇਨ ਲਾਈਬ੍ਰੇਰੀ ਅਤੇ ਸਹਾਇਤਾ ਪ੍ਰਾਪਤ ਰੀਡਿੰਗ ਰੂਮਸ ਲਈ ਅਖਬਾਰਾਂ ਦੀ ਸਪਲਾਈ ਸਾਲ 2021-22 ਲਈ ਟੈਂਡਰ ਮੰਗਣ ਬਾਰੇ ।

ਪੜ੍ਹਿਆ ਨੋਟ ਸੁਪਰਡੰਟ ਲਾਇਬ੍ਰੇਰੀ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਆਰ) ਨੇ ਕੀਤੀ ਹੈ ਕਿ ਅਖਬਾਰਾਂ ਦੀ ਸਪਲਾਈ ਦਾ ਠੇਕਾ 31.3.2021 ਨੂੰ ਖਤਮ ਹੋ ਰਿਹਾ ਹੈ। ਇਸ ਲਈ ਸਾਲ 2021-22 ਲਈ ਹਰ ਸਾਲ ਦੀ ਤਰ੍ਹਾਂ ਸ਼ਹਿਰ ਦੇ ਵੱਖ-ਵੱਖ ਅਖਬਾਰਾਂ ਦੀ ਸਪਲਾਈ ਕਰਨ ਵਾਲਿਆਂ ਤੋਂ ਇਸ ਸਬੰਧੀ ਟੈਂਡਰ ਮੰਗਣ ਦੀ ਪ੍ਰਵਾਨਗੀ ਦਿੱਤੀ ਜਾਵੇ। ਇਸ ਉਪਰੰਤ ਲੱਗਭੱਗ 8.50 ਲੱਖ ਰੁਪਏ ਖਰਚ ਆਉਣਗੇ। ਟੈਂਡਰ ਦੀ ਸਪਲਾਈ ਦੀਆਂ ਸ਼ਰਤਾਂ ਪਿਛਲੇ ਸਾਲ ਵਾਲੀਆਂ ਹੀ ਮੰਜੂਰ ਕੀਤੀਆਂ ਜਾਣ। ਇਹ ਖਰੀਦ ਨਿਯਮਾਂ ਅਨੁਸਾਰ ਈ-ਟੈਂਡਰਿੰਗ ਰਾਹੀਂ ਕੀਤੀ ਜਾਵੇਗੀ। ਮੇਨ ਲਾਈਬ੍ਰੇਰੀ ਅਤੇ ਸਹਾਇਤਾ ਪ੍ਰਾਪਤ ਰੀਡਿੰਗ ਰੂਮਸ ਲਈ ਅਖਬਾਰਾਂ ਦੀ ਸਪਲਾਈ ਸਾਲ 2021-22 ਲਈ ਕਰਨ ਤੇ ਰੁਪਏ 8.50 ਲੱਖ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਜਿਸ ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 29.1.2021 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.2.2021 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।ਇਹ ਵੀ ਫੈਸਲਾ ਹੋਇਆ ਕਿ ਪਹਿਲਾਂ ਇਸ ਸਬੰਧੀ ਪੂਰੀ ਡਿਟੇਲ ਦਿੱਤੀ ਜਾਵੇ ਕਿ ਇਹ ਅਖ਼ਬਾਰਾਂ ਕਿਸ ਕਿਸ ਨੂੰ ਸਪਲਾਈ ਕੀਤੀਆਂ ਜਾਂਦੀਆਂ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

27.7.2021

ਮਤਾ ਨੰਬਰ:-58

ਵਿਸ਼ਾ:- ਓਲਡ ਸ਼ਰਨਜੀਤ ਹਸਪਤਾਲ ਚੌਹਾਨ ਚੌਂਕ ਤੋਂ ਲੈ ਕੇ ਡਾ. ਵਿਕਰਮ ਸੂਦ ਵਾਲੀ ਮੇਨ ਰੋਡ (ਗੁਜਰਾਲ ਨਗਰ) ਤੋਂ ਰਿਜੈਂਟ ਪਾਰਕ ਹੋਟਲ ਤੱਕ ਅਤੇ ਸਕਾਈਲਾਰਕ ਹੋਟਲ ਚੌਂਕ ਤੋਂ ਜ਼ੋਤੀ ਚੌਂਕ ਤੱਕ ਅੰਦਰੂਨੀ ਸ਼ਹਿਰ ਦੇ ਬਜ਼ਾਰਾਂ ਦੇ ਫਾਈਲ ਬੁਕ ਦੇ ਆਧਾਰ ਤੇ ਨਕਸ਼ੇ ਪਾਸ ਕਰਨ ਸਬੰਧੀ ਤਜ਼ਵੀਜ਼ ।

ਤਜਵੀਜ਼ ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ. ਜਲੰਧਰ ਸੈਂਟਰਲ ਜਿਸ ਦੀ ਪੁਸ਼ਟੀ ਸ਼੍ਰੀਮਤੀ ਉਮਾ ਬੇਰੀ, ਕੌਂਸਲਰ ਅਤੇ ਸ਼੍ਰੀ ਮਨਮੋਹਣ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਆਮ ਲੋਕਾਂ ਦੀਆਂ ਸਹੂਲਤਾਂ ਅਤੇ ਪ੍ਰਸ਼ਾਸ਼ਨਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਤਜਵੀਜ਼ ਕੀਤਾ ਜਾਂਦਾ ਹੈ ਕਿ ਜਲੰਧਰ ਸ਼ਹਿਰ ਦੇ ਮਾਸਟਰ ਪਲੈਨ ਵਿੱਚ ਅੰਦਰੂਨੀ ਬਜਾਰਾਂ ਵਿੱਚ ਕਾਰੋਬਾਰੀ ਨਕਸ਼ਾ ਪਾਸ ਕਰਾਉਣ ਲਈ ਘੱਟੋ-ਘੱਟ 33 ਫੁੱਟ ਚੌੜੀ ਸੜ੍ਹਕ ਅਤੇ ਬਾਹਰੀ ਇਲਾਕਿਆ ਵਿੱਚ 60 ਫੁੱਟ ਚੌੜੀ ਸੜ੍ਹਕ ਹੋਣੀ ਜਰੂਰੀ ਹੈ। ਜਲੰਧਰ ਸ਼ਹਿਰ ਦੇ ਅੰਦਰੂਨੀ ਬਜਾਰਾਂ ਦਾ ਅਧਿਐਨ ਕਰੀਏ ਤਾਂ ਇਹ ਬਜਾਰ ਦੇਸ਼ ਦੀ ਵੰਡ ਤੋਂ ਪਹਿਲਾਂ ਵਿਕਸਤ ਹੋਏ ਹਨ ਅਤੇ ਇਨ੍ਹਾਂ ਬਜਾਰਾਂ ਵਿੱਚ 33 ਫੁੱਟ ਚੋੜੀ ਸੜ੍ਹਕ ਨਹੀਂ ਹੈ। ਇੱਥੇ ਤੱਕ ਕਿ ਕੋਈ ਵਿਅਕਤੀ ਕਈ ਦਹਾਕਿਆਂ ਤੋਂ ਚੱਲ ਰਹੀਆਂ ਪੁਰਾਣੀਆਂ ਦੁਕਾਨਾਂ/ਕਾਰੋਬਾਰੀ ਉਸਾਰੀ ਢਾਹ ਕੇ ਨਵੀਂ ਉਸਾਰੀ ਕਰਨਾ ਚਾਹੁੰਦਾ ਹੈ ਫਿਰ ਵੀ ਨਕਸ਼ਾ ਪਾਸ ਨਹੀਂ ਹੁੰਦਾ, ਇਨ੍ਹਾਂ ਬਜ਼ਾਰਾ ਵਿੱਚ ਪਹਿਲਾਂ ਹੀ 99% ਕਾਰੋਬਾਰੀ ਉਸਾਰੀਆਂ ਹੀ ਕੀਤੀਆਂ ਹੋਈਆਂ ਹਨ। ਇਸ ਲਈ ਜ਼ੋ ਵਿਅਕਤੀ ਨਕਸ਼ਾ ਪਾਸ ਵੀ ਕਰਵਾਉਣਾ ਚਾਹੁੰਦਾ ਹੈ ਤਾਂ ਵੀ ਨਹੀਂ ਕਰਵਾ ਸਕਦਾ। ਜਿਸ ਕਾਰਨ ਅਣ-ਅਧਿਕਾਰਿਤ ਉਸਾਰੀਆਂ ਵਿੱਚ ਵਾਧਾ ਹੋ ਰਿਹਾ ਹੈ ਅਤੇ ਸਰਕਾਰ ਨੂੰ ਆਮਦਨ ਵਿੱਚ ਕਮੀ ਹੁੰਦੀ ਹੈ। ਇਸ ਲਈ ਤਜਵੀਜ਼ ਦਿੱਤੀ ਜਾਂਦੀ ਹੈ ਕਿ ਸ਼ਹਿਰ ਦੇ ਅੰਦਰੂਨੀ ਬਜ਼ਾਰ ਜ਼ੋ ਕਿ ਹੇਠ ਲਿਖੇ ਹਨ, ਉਹਨਾਂ ਵਿੱਚ ਮੌਜੂਦਾ ਫਾਇਲ ਬੁੱਕ ਰਿਕਾਰਡ ਵੀ ਬਣੇ ਹੋਏ ਹਨ ਅਤੇ ਸਾਰੇ ਅੰਦਰੂਨੀ ਸ਼ਹਿਰ ਵਿੱਚ ਵਿਕਾਸ ਦੇ ਕੰਮ ਵੀ ਇਹਨਾਂ ਫਾਇਲ ਬੁੱਕਾਂ ਦੇ ਆਧਾਰ ਤੇ ਕੀਤੇ ਜਾਂਦੇ ਹਨ। ਇਸ ਲਈ ਸੁਝਾਅ ਦਿੱਤਾ ਜਾਂਦਾ ਹੈ ਕਿ ਇਸ ਦੇ ਅਨੁਸਾਰ ਹੀ ਨਕਸ਼ੇ/ਰਾਜੀਨਾਮੇ ਪਾਸ ਕੀਤੇ ਜਾਣੇ ਚਾਹੀਦੇ ਹਨ।

ਬਜਾਰ/ਅੰਦਰੂਨੀ ਸ਼ਹਿਰ ਦੇ ਵੇਰਵੇ :

1. ਓਲਡ ਸ਼ਰਨਜੀਤ ਹਸਪਤਾਲ ਚੌਹਾਨ ਚੌਂਕ ਤੋਂ ਲੈ ਕੇ ਡਾ. ਵਿਕਰਮ ਸੂਦ ਵਾਲੀ ਮੇਨ ਰੋਡ (ਗੁਜਰਾਲ ਨਗਰ) ਤੋਂ ਰਿਜੈਂਟ ਪਾਰਕ ਹੋਟਲ ਤੱਕ।
2. ਸਕਾਈਲਾਰਕ ਹੋਟਲ ਚੌਂਕ ਤੋਂ ਜ਼ੋਤੀ ਚੌਂਕ ਤੱਕ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 07.02.2021 ਰਾਹੀਂ ਉਪਰੋਕਤ ਤਜਵੀਜ਼ ਮਾਣਯੋਗ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:- 59

ਵਿਸ਼ਾ :- ਤਜਵੀਜ ਸਮਾਰਟ ਸਿਟੀ ਅਧੀਨ ਹੋ ਰਹੇ ਕੰਮਾਂ ਬਾਰੇ ਇਲਾਕਾ ਕੌਂਸਲਰ ਕੋਲੋਂ ਸਰਟੀਫੀਕੇਟ ਲੈਣਾ ਜਰੂਰੀ ਕੀਤਾ ਜਾਵੇ।

ਤਜਵੀਜ਼ ਸ਼੍ਰੀਮਤੀ ਕੰਵਲਜੀਤ ਕੋਰ ਗੁਲੂ, ਕੌਂਸਲਰ ਜਿਸ ਦੀ ਪੁਸ਼ਟੀ ਸ਼੍ਰੀ ਸੁੱਚਾ ਸਿੰਘ, ਕੌਂਸਲਰ ਵਾਰਡ ਨੰ: 32 ਅਤੇ ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ ਵਾਰਡ ਨੰ: 52 ਨੇ ਕੀਤੀ ਹੈ ਕਿ ਨਗਰ ਨਿਗਮ ਵਿੱਚ ਸਮਾਰਟ ਸਿਟੀ ਅਧੀਨ ਹੋ ਰਹੇ ਕੰਮਾਂ ਵਿੱਚ ਧਾਂਧਲੀ ਪਾਈ ਜਾ ਰਹੀ ਹੈ। ਕਿਸੇ ਵੀ ਕੌਂਸਲਰ ਦੀ ਸੁਣਵਾਈ ਨਹੀਂ ਹੋ ਰਹੀ ਹੈ। ਕੰਮਾਂ ਦੀ ਰਿਪੋਰਟ ਬਹੁਤ ਹੀ ਮਾੜੀ ਹੈ। ਬੇਨਤੀ ਹੈ ਕਿ ਸਮਾਰਟ ਸਿਟੀ ਅਧੀਨ ਹੋ ਰਹੇ ਕੰਮਾਂ ਦੀ ਇਲਾਕਾ ਕੌਂਸਲਰ ਕੋਲੋਂ ਸਰਟੀਫੀਕੇਟ ਲੈ ਕੇ ਪੇਮੈਂਟ ਕੀਤੀ ਜਾਵੇ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ: 23.04.2021 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
27.7.2021

ਮਤਾ ਨੰਬਰ:-60

ਵਿਸ਼ਾ:- ਟਾਂਡਾ ਫਾਟਕ ਤੋਂ ਸੋਡਲ ਰੋਡ ਫਾਟਕ ਤੱਕ ਸੜਕ ਦਾ ਨਾਮ ਸ੍ਰੀ ਚਮਨ ਲਾਲ ਦਾਦਾ ਮਾਰਗ ਰੱਖਣ ਸਬੰਧੀ ।

